# ਕੈਨੇਡਾ ਦਰਪਣ

ਜਨਵਰੀ 11-18, 1989

**January 11-18, 1989**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

# ਪਟਿਆਲਾ 'ਚ 1 ਕਰੋੜ ਦਾ ਡਾਕਾ

JANUARY 11-18, 1989
Vol. 08 No. 02
Price 50¢
Out of Greater Vancouver 75¢
Second Class Mail Reg. No. 5991

ਕਨੇਡਾ ਦਰਪਣ

The Canada Darpan The Punjabi Newspaper

P.O.BOX 265, Surrey, B.C. V3T 4W8
Ph: (604) 581-4473

**ਸੋਨੇ ਦਾ ਰੇਟ**

502 ਡਾਲਰ ਕੈਨੇਡੀਅਨ (ਇਕ ਔਂਸ)
202 ਡਾਲਰ ਕੈਨੇਡੀਅਨ (ਇਕ ਤੋਲਾ)
173.50 ਡਾਲਰ ਕੈਨੇਡੀਅਨ (10 ਗ੍ਰਾਮ)
(ਏ. ਸੀ. ਜਿਊਲਰਜ਼ ਦੇ ਧੰਨਵਾਦ ਸਹਿਤ
— ਫ਼ੋਨ 588-5808)

**1000 ਰੁਪਏ ਦਾ ਰੇਟ**

79.13 ਕੈਨੇਡੀਅਨ ਡਾਲਰ
(ਧੰਨਵਾਦ ਸਹਿਤ ਬੈਂਕ ਆਫ ਮਾਂਟਰੀਅਲ)

## ਤਿਹਾੜ ਜੇਲ੍ਹ 'ਚ 6 ਜਨਵਰੀ ਨੂੰ ਸਵੇਰੇ ਅੱਠ ਵਜੇ

# ਸਤਵੰਤ ਤੇ ਕਿਹਰ ਸਿੰਘ ਨੂੰ ਫਾਂਸੀ

ਨਵੀਂ ਦਿੱਲੀ — 6 ਜਨਵਰੀ ਦਿਨ ਸ਼ੁਕਰਵਾਰ ਨੂੰ ਸਵੇਰੇ ਅੱਠ ਵਜੇ ਇੰਦਰਾ ਗਾਂਧੀ ਦੇ ਕਾਤਲਾਂ ਸਤਵੰਤ ਸਿੰਘ (24) ਅਤੇ ਕਿਹਰ ਸਿੰਘ (56) ਨੂੰ ਤਿਹਾੜ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਗਈ। ਬਦਲੇ ਵਿਚ ਅੰਮ੍ਰਿਤਸਰ ਜ਼ਿਲੇ ਵਿਚ ਅਤਿਵਾਦੀਆਂ ਨੇ 14 ਹਿੰਦੂ ਫਿਰਕੇ ਦੇ ਲੋਕ ਗੋਲੀਆਂ ਨਾਲ ਹਲਾਕ ਕਰ ਦਿੱਤੇ ਤੇ ਨਾਲ ਹੀ ਚਿੱਠੀ ਸੁੱਟ ਦਿੱਤੀ ਕਿ ਇਹ ਕਤਲ ਬਦਲਾ ਲੈਣ ਲਈ ਕੀਤੇ ਗਏ ਹਨ। ਵਿਰੋਧੀ ਪਾਰਟੀਆਂ ਨੇ ਬਿਆਨਾਂ ਵਿਚ ਕਿਹਾ ਕਿ ਇਹ ਬਦਲੇ ਦੀ ਕਾਰਵਾਈ ਸਰਕਾਰ ਵਿਰੁਧ ਕਰਨ ਦੀ ਥਾਂ ਬੇਗੁਨਾਹ ਲੋਕਾਂ ਨੂੰ ਮਾਰਕੇ ਕਰਨਾ 'ਬੁਜ਼ਦਿਲੀ' ਦਾ ਕੰਮ ਹੈ।

### ਫਾਂਸੀ ਦੇਣ ਸਮੇਂ

ਇਕ ਕਰਮਚਾਰੀ ਅਨੁਸਾਰ ਫਾਂਸੀ ਦੇਣ ਤੋਂ ਪਹਿਲਾਂ ਸਤਵੰਤ ਸਿੰਘ ਤੇ ਕਿਹਰ ਸਿੰਘ ਦੇ ਹੱਥ ਪਿੱਠ ਪਿਛੇ ਬੰਨ੍ਹ ਦਿੱਤੇ ਗਏ। ਲੱਤਾਂ ਵਿਚ ਜੰਜ਼ੀਰਾਂ ਪਾਈਆਂ ਗਈਆਂ, ਦੋਵਾਂ ਦੇ ਸਿਰਾਂ ਉਤੇ ਟੋਪੀਆਂ ਦਿੱਤੀਆਂ ਗਈਆਂ ਤੇ ਉਨ੍ਹਾਂ ਦੀਆਂ ਅੱਖਾਂ ਢੱਕ ਦਿੱਤੀਆਂ ਗਈਆਂ ਤੇ ਗਲਾਂ ਵਿਚ ਰੱਸੇ ਪਾ ਦਿੱਤੇ ਗਏ। ਜਿਸ ਸਮੇਂ ਜੇਲ੍ਹ ਦੇ ਸੁਪਰਟੈਂਡੈਂਟ ਜੈਦੇਵ ਸਾਰੰਗੀ ਨੇ ਇਸ਼ਾਰਾ ਕੀਤਾ ਤਾਂ ਦੋ ਜਲਾਦਾਂ ਕੱਲੂ ਅਤੇ ਫਕੀਰੇ ਨੇ ਬੋਲਟ ਖੋਲ੍ਹ ਦਿੱਤੇ। ਦੋਵੇਂ ਜੱਲਾਦ ਕੱਲੂ ਅਤੇ ਫਕੀਰਾ ਪਿਛਲੇ ਦੋ ਮਹੀਨੇ ਤੋਂ ਤਿਹਾੜ ਜੇਲ੍ਹ ਵਿਚ ਹੀ ਠਹਿਰੇ ਹੋਏ ਸਨ।

ਸਤਵੰਤ ਤੇ ਕਿਹਰ ਸਿੰਘ ਦੀਆਂ ਲਾਸ਼ਾਂ ਅੱਧੇ ਘੰਟੇ ਤੋਂ ਪਹਿਲਾਂ ਹੀ ਰੱਸਿਆਂ ਤੋਂ ਲਾਹ ਲਈਆਂ ਗਈਆਂ ਜਦੋਂ ਡਾਕਟਰ ਨੇ ਉਨ੍ਹਾਂ ਨੂੰ ਮਰੇ ਘੋਸ਼ਿਤ ਕਰ ਦਿੱਤਾ ਜਿਸ ਵੇਲੇ ਇਨ੍ਹਾਂ ਦੋਵਾਂ ਨੂੰ ਫਾਂਸੀ ਦਿੱਤੀ ਗਈ ਤਾਂ ਕਾਫ਼ੀ ਠੰਡ ਸੀ ਅਤੇ ਫਾਂਸੀ ਦੇਣ ਵਾਲੀ ਥਾਂ ਵੀ ਮੀਂਹ ਪੈਣ ਕਾਰਨ ਗਿੱਲੀ ਹੋਈ ਪਈ ਸੀ।

### ਰਿਸ਼ਤੇਦਾਰ ਪਹੁੰਚੇ

ਜਿਸ ਸਮੇਂ ਫਾਂਸੀ ਦਿੱਤੀ ਗਈ ਜੇਲ੍ਹ ਤੋਂ ਬਾਹਰ ਕਿਹਰ ਸਿੰਘ ਦਾ ਲੜਕਾ ਰਾਜਿੰਦਰ ਸਿੰਘ ਤੇ ਕਿਹਰ ਸਿੰਘ ਦੀ ਪਤਨੀ ਜਸਬੀਰ ਕੌਰ ਬਾਹਰ ਖੜ੍ਹੇ ਸਨ। ਸਤਵੰਤ ਸਿੰਘ ਦਾ ਪਿਤਾ, ਦੋਵੇਂ ਚਾਚੇ, ਉਸਦੀ ਪਤਨੀ ਇਕ ਗੁਰਦੁਆਰੇ ਵਿਚ ਠਹਿਰੇ ਹੋਏ ਸਨ। ਪੁਲਸ ਦੀ ਸਖਤਾਈ ਦੇ ਬਾਵਜੂਦ ਸਤਵੰਤ ਸਿੰਘ ਦਾ ਪਿਤਾ ਤ੍ਰਿਲੋਕ ਸਿੰਘ ਤਿਹਾੜ ਜੇਲ੍ਹ ਵਿਚ ਪਹੁੰਚਣ ਵਿਚ ਕਾਮਯਾਬ ਹੋ ਗਿਆ ਸੀ।

### ਅੰਤਮ ਸਸਕਾਰ

ਕਿਹਰ ਸਿੰਘ ਤੇ ਸਤਵੰਤ ਸਿੰਘ ਦਾ ਅੰਤਮ ਸਸਕਾਰ ਜੇਲ੍ਹ ਵਿਚ ਹੀ ਕਰ ਦਿੱਤਾ ਗਿਆ ਤੇ ਰਿਸ਼ਤੇਦਾਰਾਂ ਨੂੰ ਦੱਸਿਆ ਗਿਆ ਕਿ ਉਹ ਉਨ੍ਹਾਂ ਦੀਆਂ ਅਸਥੀਆਂ ਚੁਗਣ ਆ ਸਕਦੇ ਹਨ। ਸਰਕਾਰੀ ਬੁਲਾਰੇ ਨੇ ਕਿਹਾ ਕਿ ਇਹ ਕਦਮ ਇਸ ਲਈ ਚੁਕਿਆ ਗਿਆ ਤਾਂਕਿ ਜੇ ਲਾਸ਼ਾਂ ਦਿੱਤੀਆਂ ਜਾਂਦੀਆਂ ਤਾਂ ਹੋਰ ਸੈਂਕੜੇ ਲੋਕਾਂ ਦੀ ਜਾਨ ਨੂੰ ਖਤਰਾ ਹੋ ਸਕਦਾ ਸੀ।

### ਸਖਤ ਪਹਿਰਾ

ਕਿਹਰ ਸਿੰਘ ਤੇ ਸਤਵੰਤ ਸਿੰਘ ਨੂੰ ਫਾਂਸੀ ਦੇਣ ਤੋਂ ਇਕ ਦਿਨ ਪਹਿਲਾਂ ਹੀ ਵੀਰਵਾਰ ਨੂੰ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਦਿੱਲੀ ਵਿਚ ਨੀਮ-ਫੌਜੀ ਦਸਤੇ ਤਾਇਨਾਤ ਕਰ ਦਿੱਤੇ ਗਏ ਸਨ। ਪੰਜਾਬ ਵਿਚ ਸਕੂਲ ਤੇ ਕਾਲਜ ਬੰਦ ਕਰ ਦਿੱਤੇ ਗਏ ਸਨ। ਤਿਹਾੜ ਜੇਲ੍ਹ ਦੇ ਬਾਹਰ ਵੀ 500 ਕਮਾਂਡੋ ਦਸਤੇ ਤਾਈਨਾਤ ਸਨ ਅਤੇ ਸਾਰੀ ਜੇਲ੍ਹ ਦਾ ਆਲਾ ਦੁਆਲਾ ਨੀਮ-ਫੌਜੀ ਦਸਤਿਆਂ ਤੇ ਪੁਲਸ ਨੇ ਘੇਰੇ ਵਿਚ ਲਿਆ ਹੋਇਆ ਸੀ।

### ਦਲਜੀਤ ਸਿੰਘ ਸੰਧੂ ਦਾ ਬਿਆਨ

ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਇਕ ਬੁਲਾਰੇ ਦਲਜੀਤ ਸਿੰਘ ਸੰਧੂ ਨੇ ਕਿਹਾ ਕਿ ਇਨ੍ਹਾਂ ਦੋਵਾਂ ਨੂੰ ਫਾਂਸੀ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਉਸ ਅਨੁਸਾਰ 1984 ਦੇ ਦੰਗਿਆਂ ਦੇ ਹਜ਼ਾਰਾਂ ਅਪਰਾਧੀ ਖੁਲ੍ਹੇ ਫਿਰਦੇ ਹਨ ਜਿਨ੍ਹਾਂ ਨੇ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਸੀ। ਜੇ ਇਹ ਇਨਸਾਫ਼ ਹੈ ਤਾਂ ਉਨ੍ਹਾਂ ਨੂੰ ਵੀ ਫਾਂਸੀ ਦਿੱਤੀ ਜਾਣੀ ਚਾਹੀਦੀ ਹੈ।

### ਫਾਂਸੀ ਤੋਂ ਪਹਿਲਾਂ

ਸੁਪਰੀਮ ਕੋਰਟ ਦੇ ਦੋ ਪੈਨਲਾਂ ਜਿਨ੍ਹਾਂ ਵਿਚ ਪੰਜ ਪੰਜ ਜੱਜ ਸ਼ਾਮਲ ਸਨ ਨੇ ਵੀਰਵਾਰ ਨੂੰ ਸਤਵੰਤ ਸਿੰਘ ਦੀ ਰਹਿਮ ਦੀ ਅਪੀਲ ਵੀ ਖਾਰਜ ਕਰ ਦਿੱ[illegible] ਸਤਵੰਤ ਸਿੰਘ ਦੇ ਇੰਦਰਾ ਗਾਂਧੀ ਦੇ ਕਤਲ ਹੋਣ ਸਮੇਂ ਪਿੱਠ ਵਿਚ ਗੋਲੀ ਵੱ[illegible] ਸੀ ਤੇ ਉਸ ਦੇ ਨਾਲ ਦਾ ਕਾਤਲ ਬੇਅੰਤ ਸਿੰਘ ਉਸੇ ਸਮੇਂ ਕਮਾਂਡੋ ਦੀਆਂ ਗੋਲੀ[illegible] ਨਾਲ ਮਾਰਿਆ ਗਿਆ ਸੀ। ਕਿਹਰ ਸਿੰਘ ਬੇਅੰਤ ਸਿੰਘ ਦਾ ਰਿਸ਼ਤੇਦਾਰ ਸੀ [illegible] ਉਸਨੇ ਇੰਦਰਾ ਗਾਂਧੀ ਦੇ ਕਤਲ ਦੀ ਸਾਜ਼ਿਸ਼ ਤਿਆਰ ਕੀਤੀ ਸੀ ਜਿਸ ਬਾਰੇ ਬੇਅੰਤ ਸਿੰਘ ਦੀ ਪਤਨੀ ਬਿਮਲ ਖਾਲਸਾ ਨੇ ਹੀ ਪੁਲਸ ਨੂੰ ਦੱਸਿਆ ਸੀ।

ਕਿਹਰ ਸਿੰਘ 20 ਨਵੰਬਰ 1984 ਨੂੰ ਫੜਿਆ ਗਿਆ ਸੀ ਜਦ ਕਿ ਇੰਦਰਾ ਗਾਂਧੀ ਦਾ ਕਤਲ 31 ਅਕਤੂਬਰ 1984 ਨੂੰ ਕੀਤਾ ਗਿਆ ਸੀ।

ਇਹ ਕੇਸ ਚਾਰ ਸਾਲ ਚਲਦਾ ਰਿਹਾ ਜਿਸ ਵਿਚ ਕਾਨੂੰਨੀ ਅੜਾਉਣੀਆਂ ਨੇ ਸ਼ੰਕਾ ਦਾ ਮਾਹੌਲ ਵੀ ਪੈਦਾ ਕੀਤਾ।







(ਉਪਰ) ਕਿਹਰ ਸਿੰਘ ਦੀ ਪਤਨੀ ਜਸਬੀਰ ਕੌਰ ਧਾਹੀਂ ਰੋਂਦੀ ਆਖਰੀ ਮੁਲਾਕਾਤ ਸਮੇਂ
(ਖੱਬੇ) ਕਿਹਰ ਸਿੰਘ (56)
(ਸੱਜੇ) ਸਤਵੰਤ ਸਿੰਘ (24)

**● ਸੁਪਰੀਮ ਕੋਰਟ 'ਚ ਖਲਬਲੀ — ਟੈਲੀਫ਼ੋਨ ਉਤੇ ਜੀ. ਐਸ. ਪਾਠਕ ਦੀ ਅਦਾਲਤ ਨੂੰ ਉਡਾਉਣ ਦੀ ਧਮਕੀ**

# ਸ੍ਰੀ ਲੰਕਾ 'ਚੋਂ ਇਕ ਬਟਾਲੀਅਨ ਹੋਰ ਪਰਤੀ

ਨਵੀਂ ਦਿੱਲੀ — ਇਥੋਂ ਪ੍ਰਾਪਤ ਖਬਰ ਅਨੁਸਾਰ ਭਾਰਤੀ ਸ਼ਾਂਤੀ ਸੈਨਾ ਦੀ ਇਕ ਹੋਰ ਬਟਾਲੀਅਨ ਵਾਪਸ ਭਾਰਤ ਪਹੁੰਚ ਗਈ ਹੈ। ਇਸ ਤੋਂ ਪਹਿਲਾਂ ਫੌਜੀਆਂ ਦੀਆਂ ਦੋ ਬਟਾਲੀਅਨਾਂ ਜਿਨ੍ਹਾਂ ਵਿਚ 3000 ਜੁਆਨ ਸਨ, ਭਾਰਤ ਪਰਤ ਆਈਆਂ। ਇਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਭਾਰਤ-ਸ੍ਰੀ ਲੰਕਾ ਸਮਝੌਤੇ ਅਨੁਸਾਰ ਹੀ ਇਹ ਭਾਰਤੀ ਫੌਜੀਆਂ ਦੀ ਵਾਪਸੀ ਕੀਤੀ ਜਾ ਰਹੀ ਹੈ। ਅਜੇ 47,000 ਫੌਜੀ ਸ੍ਰੀ ਲੰਕਾ 'ਚ ਹਨ।

## ਐਮਰਜੈਂਸੀ ਖਤਮ

ਨਵੇਂ ਬਣੇ ਰਾਸ਼ਟਰਪਤੀ ਸ੍ਰੀ ਰਣਸਿੰਗੇ ਪ੍ਰੇਮਾਦਾਸ ਨੇ ਪੰਜ ਸਾਲ ਤੋਂ ਲਾਗੂ ਐਮਰਜੈਂਸੀ ਖਤਮ ਕਰਨ ਦਾ ਫੈਸਲਾ ਕੀਤਾ ਹੈ ਜਿਸ ਨਾਲ ਪਾਰਲੀਮੈਂਟ ਚੋਣਾਂ ਵਿਚ ਸਭ ਪਾਰਟੀਆਂ ਦੇ ਕਾਰਕੁਨ ਹਿਸਾ ਲੈ ਸਕਣਗੇ। ਇਹ ਚੋਣਾਂ 15 ਫਰਵਰੀ ਨੂੰ ਹੋ ਰਹੀਆਂ ਹਨ।

ਐਮਰਜੈਂਸੀ ਚੁਕੇ ਜਾਣ ਉਤੇ ਰਾਜਸੀ ਨਜ਼ਰਬੰਦ ਰਿਹਾਅ ਕੀਤੇ ਜਾਣਗੇ ਸਿਨਹਾਲੀ ਅਤਿਵਾਦੀ ਜਥੇਬੰਦੀ ਦੇ ਸਾਰੇ ਕਾਰਕੁਨ ਅਗਲੇ ਕੁਝ ਦਿਨਾਂ ਅੰਦਰ ਰਿਹਾਅ ਹੋ ਜਾਣਗੇ।

# ਹੀਰੋਹੀਟੋ ਲਈ ਭਾਰਤ 'ਚ ਤਿੰਨ ਦਿਨ ਦਾ ਸ਼ੋਕ

ਨਵੀਂ ਦਿੱਲੀ — ਪਿਛਲੇ ਦਿਨ ਕੈਂਸਰ-ਗ੍ਰਸਤ ਜਾਪਾਨ ਦੇ ਸਮਰਾਟ ਹੀਰੋਹੀਟੋ ਦੀ ਮੌਤ ਕਾਰਨ ਭਾਰਤ ਸਰਕਾਰ ਨੇ ਤਿੰਨ ਦਿਨ ਲਈ ਸਰਕਾਰੀ ਤੌਰ ਉਤੇ ਸੋਗ ਮਨਾਉਣ ਦਾ ਐਲਾਨ ਕੀਤਾ। ਹੀਰੋਹੀਟੋ ਦੀ ਮੌਤ ਪਿਛਲੇ ਦਿਨ 87 ਸਾਲ ਉਮਰ ਭੋਗ ਕੇ ਹੋਈ।

ਬਰਤਾਨੀਆ ਦੀ ਕਨਜ਼ਰਵੇਟਿਵ ਸਰਕਾਰ ਨੇ ਹੀਰੋਹੀਟੋ ਦੀ ਮੌਤ ਦਾ ਸੋਗ ਨਾ ਮਨਾਉਣ ਦਾ ਐਲਾਨ ਕੀਤਾ ਤੇ ਸੰਸਾਰ ਦੀ ਦੂਸਰੀ ਜੰਗ ਜੋ 1939 ਤੋਂ 1942 ਤੱਕ ਚੱਲੀ ਉਸ ਲਈ ਹੀਰੋਹੀਟੋ ਨੂੰ ਜ਼ਿਮੇਂਵਾਰ ਠਹਿਰਾਇਆ।

ਨਵਾਂ ਸ਼ਹਿਨਸ਼ਾਹ ਹੀਰੋਹੀਟੋ ਦੇ ਪੁੱਤਰ ਐਕੋਹੀਟੋ ਨੂੰ ਬਣਾਇਆ ਗਿਆ ਹੈ।

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਉਪ-ਰਾਸ਼ਟਰਪਤੀ ਡਾ: ਸ਼ਰਮਾ ਜਾਪਾਨੀ ਦੂਤਾਵਾਸ ਗਏ ਤੇ ਸ਼ੋਕ-ਪੁਸਤਕ ਵਿਚ ਦਸਤਖਤ ਕੀਤੇ। ਸੰਸਾਰ ਜੰਗ ਸਮੇਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਕਰਵਾਉਣ ਲਈ ਜਾਪਾਨੀਆਂ ਦੀ ਮੱਦਦ ਵੀ ਲਈ ਸੀ।

**ਸਰੀ ਵਿਚ ਪੀਜ਼ਾ ਵਿਕਾਊ**

ਸਰੀ ਵਿਚ ਇਕ ਬੜੀ ਵਧੀਆ ਥਾਂ ਉਤੇ ਸਥਿਤ ਪੀਜ਼ਾ ਦੀ ਦੁਕਾਨ ਵਿਕਾਊ ਹੈ। ਬੜੀ ਵਾਜਬ ਕੀਮਤ ਉਤੇ ਇਹ ਖਰੀਦੀ ਜਾ ਸਕਦੀ ਹੈ।

ਅੱਜ ਹੀ ਫ਼ੋਨ ਕਰੋ ਅਤੇ ਹੋਰ ਜਾਣਕਾਰੀ ਲਓ :

ਫ਼ੋਨ : 531-2772
585-1327

**RAJA CATERING SERVICES**
**SINCE 1975**

Raja

FOR WEDDING SWEETS & YOUR CATERING NEEDS
*WE OFFER:*
☐ BEST FOOD ☐ BEST SERVICE
☐ BEST PRICE

Call BALWANT RAJA AT
**325-5014 Or 321-3223**
6450 MAIN ST., (AT (49th Ave.)
VANCOUVER, B.C. CANADA V5W 2V4

moti-mahal

**N. & J. Painting & Cleaning**
**ਐਨ ਐਂਡ ਜੇ ਪੇਂਟਿੰਗ ਐਂਡ ਕਲੀਨਿੰਗ**

Residential and Commercial

- ਘਰ ਅਤੇ ਕਮਰਸ਼ਲ
- ਨਵੇਂ ਘਰਾਂ ਲਈ ਵਾਜਬ ਰੇਟ
- ਫਰੀ ਐਸਟੀਮੇਟ

ਫ਼ੋਨ ਕਰੋ :

ਨਾਰਮਨ ਗਿੱਲ
Norman Gill
874-7567

*'After An Auto Accident, Call On Experience:*

**Bernard Simpson And Company**

**Lawyers**

Practice **RESTRICTED** to **INJURIES CAUSED BY CAR ACCIDENTS**

ICBC Claims

*No charge for initial consultation*

*Translation Services Available*
ਦੁਭਾਸ਼ੀਏ ਦੀਆਂ ਸੇਵਾਵਾਂ ਵੀ ਹਨ

**Call collect**
*24 Hour Calls*

**Ph. 734-2272**

ਤੁਹਾਡੇ ਕਲੇਮ ਦੇ ਦੌਰਾਨ ਅਸੀਂ ਸਾਰੇ ਖਰਚੇ ਦਿੰਦੇ ਹਾਂ
ਤੁਹਾਡੇ ਲਈ ਇਹ ਜ਼ਰੂਰੀ ਨਹੀਂ ਕਿ ਕੇਸ ਦੇ ਖਤਮ ਹੋਣ ਤੱਕ
ਤੁਸੀਂ ਅਦਾਇਗੀ ਕਰੋਂ

- ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ
- ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

**Situated In the B.C. Automobile Association Building**
**Ste. 750, 999 West Broadway**
**Vancouver, B.C. V5Z 1K5**

# ਭਾਰਤੀ ਜਨਤਾ ਪਾਰਟੀ ਦੇ ਆਗੂ ਸਮੇਤ 10 ਹਲਾਕ

# ਪੁਲਸ ਦਾ ਡੀ. ਐਸ. ਪੀ. ਮੁਕਾਬਲੇ 'ਚ ਮਰਿਆ

ਅੰਮ੍ਰਿਤਸਰ — ਪਿਛਲੇ ਸ਼ੁਕਰਵਾਰ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਸ਼ਾਖਾ ਨਾਲ ਸਬੰਧਤ ਤਰਸੇਮ ਸਿੰਘ ਬਹਿਲ ਸਮੇਤ ਪੰਜਾਬ ਵਿਚ 10 ਵਿਅਕਤੀ ਦਹਿਸ਼ਤਗਰਦਾਂ ਹੱਥੋਂ ਹਲਾਕ ਹੋਏ । ਕਤਲਾਂ ਦੀਆਂ ਇਹ ਘਟਨਾਵਾਂ ਪਾਕਿਸਤਾਨ ਨਾਲ ਲਗਦੇ ਦੋ ਜ਼ਿਲਿਆਂ ਅੰਮ੍ਰਿਤਸਰ ਅਤੇ ਫੀਰੋਜ਼ਪੁਰ ਵਿਚ ਵਾਪਰੀਆਂ ।

### ਬਹਿਲ ਦੀ ਹੱਤਿਆ

ਅੰਮ੍ਰਿਤਸਰ ਸ਼ਹਿਰ ਵਿਚ ਸੁਲਤਾਨਵਿੰਡ ਇਲਾਕੇ ਵਿਚ ਦਿਨ ਦਿਹਾੜੇ ਹੀ ਤਰਸੇਮ ਸਿੰਘ ਬਹਿਲ ਦੀ ਹੱਤਿਆ ਕਰ ਦਿੱਤੀ ਗਈ ਅਤੇ ਉਸ ਦਾ ਬਾਡੀਗਾਰਡ ਪੁਲਸ ਕਾਂਸਟੇਬਲ ਜਗਤਾਰ ਸਿੰਘ ਬੁਰੀ ਤਰ੍ਹਾਂ ਗੋਲੀਆਂ ਨਾਲ ਜ਼ਖਮੀ ਹੋ ਗਿਆ ਜਿਸਦੀ ਹਾਲਤ ਹਸਪਤਾਲ ਵਿਚ ਗੰਭੀਰ ਤੇ ਨਾਜ਼ਕ ਦੱਸੀ ਗਈ ਹੈ ।

### ਅੰਮ੍ਰਿਤਸਰ 'ਚ ਹੋਰ ਹਮਲੇ

ਅੰਮ੍ਰਿਤਸਰ ਵਿਚ ਹੀ ਦਹਿਸ਼ਤਗਰਦਾਂ ਨੇ ਹੋਰ ਹਮਲੇ ਵੀ ਕੀਤੇ । 5 ਵਿਅਕਤੀ ਅਜਿਹੇ ਮਾਰੇ ਗਏ ਜਿਨ੍ਹਾਂ ਨੂੰ ਪੁਲਸ ਨੇ ਪਾਕਿਸਤਾਨੀ ਘੁਸਪੈਂਠੀਏ ਕਿਹਾ ।

### ਡੀ. ਐਸ. ਪੀ. ਹਲਾਕ

ਫੀਰੋਜ਼ਪੁਰ 'ਚ ਇਕ ਡੀ. ਐਸ. ਪੀ., ਇਕ ਹਵਾਲਦਾਰ ਅਤੇ ਦੋ ਕੱਟੜ ਅਤਿਵਾਦੀ ਮਾਰੇ ਗਏ । ਇਹ ਚਾਰ ਮੌਤਾਂ ਉਸ ਸਮੇਂ ਹੋਈਆਂ ਜਦੋਂ ਪੁਲਸ ਅਤੇ ਅਤਿਵਾਦੀਆਂ ਵਿਚਕਾਰ ਸਿੱਧੀ ਟੱਕਰ ਹੋਈ । ਇਹ ਟੱਕਰ ਮਹੂੱਮਤੀ ਪਿੰਡ ਦੇ ਨੇੜੇ ਹੋਈ । ਦੋਵਾਂ ਅਤਿਵਾਦੀਆਂ ਕੋਲੋਂ ਅਸਲਾ ਤੇ ਬਾਰੂਦ ਫੜੇ ਗਏ ।

ਮਰਨ ਵਾਲੇ ਅਤਿਵਾਦੀਆਂ ਦੇ ਨਾਂ ਹਰਦਿਆਲ ਸਿੰਘ ਤੇ ਥੋਰ੍ਹਾ ਸਿੰਘ ਦੱਸੇ ਗਏ ।

## ਅਤਿਵਾਦੀਆਂ ਵਲੋਂ 5 ਹਲਾਕ

ਅੰਮ੍ਰਿਤਸਰ — 9 ਜਨਵਰੀ ਨੂੰ ਅਤਿਵਾਦੀਆਂ ਨੇ ਇਸ ਜ਼ਿਲੇ ਵਿਚ 5 ਵਿਅਕਤੀ ਗੋਲੀਆਂ ਨਾਲ ਹਲਾਕ ਕਰ ਦਿੱਤੇ । ਅੰਮ੍ਰਿਤਸਰ ਜ਼ਿਲੇ ਦੇ ਤਰਨਤਾਰਨ ਇਲਾਕੇ ਵਿਚ ਅਤਿਵਾਦੀਆਂ ਦੇ ਇਕ ਗ੍ਰੋਹ ਨੇ ਗੁਰਦੀਪ ਸਿੰਘ, ਪ੍ਰਗਟ ਸਿੰਘ ਅਤੇ ਕਰਤਾਰ ਸਿੰਘ ਦੀ ਹੱਤਿਆ ਕਰ ਦਿੱਤੀ ।

ਅੰਮ੍ਰਿਤਸਰ ਜ਼ਿਲੇ ਵਿਚ ਹੀ ਮਦਨ ਲਾਲ ਤੇ ਟੀਟੂ ਦੋ ਹਿੰਦੂ ਭਰਾ ਕਤਲ ਕਰ ਦਿੱਤੇ ਗਏ ।

### ਸਕੂਲ, ਕਾਲਜ ਬੰਦ

ਸੋਮਵਾਰ 9 ਜਨਵਰੀ ਨੂੰ ਪੰਜਾਬ ਦੇ ਬਹੁਤੇ ਜ਼ਿਲਿਆਂ ਵਿਚ ਸਕੂਲ ਅਤੇ ਕਾਲਜ ਬੰਦ ਰਹੇ ਜੋ 5 ਜਨਵਰੀ ਨੂੰ ਹੀ ਸਰਕਾਰ ਵਲੋਂ ਬੰਦ ਕਰ ਦਿੱਤੇ ਗਏ ਸਨ

ਜਲੰਧਰ ਜ਼ਿਲੇ ਦੇ ਮੈਜਿਸਟਰੇਟ ਨੇ 10 ਜਨਵਰੀ ਨੂੰ ਵੀ ਕਾਲਜ ਤੇ ਸਕੂਲ ਬੰਦ ਰੱਖੇ ਜਾਣ ਦੇ ਆਦੇਸ਼ ਦਿੱਤੇ । 5 ਜਨਵਰੀ ਨੂੰ ਸਕੂਲ, ਕਾਲਜ ਬੰਦ ਕਰਨ ਦੇ ਹੁਕਮ 6 ਜਨਵਰੀ ਨੂੰ ਇੰਦਰਾ ਗਾਂਧੀ ਦੇ ਕਾਤਲਾਂ ਨੂੰ ਫਾਂਸੀ ਦਿਤੇ ਜਾਣ ਕਾਰਨ ਬੰਦ ਕੀਤੇ ਗਏ ਸਨ ।

- **ਪੰਜਾਬ ਵਿਚ 5 ਹੋਰ ਮੌਤਾਂ — ਤਿੰਨ ਬਿਹਾਰੀ ਮਜ਼ਦੂਰ ਮਾਰੇ ਗਏ — ਅੰਮ੍ਰਿਤਸਰ ਵਿਚ ਵੈਰੋਕੇ ਪਿੰਡ ਵਿਚ ਇਹ ਘਟਨਾ ਹੋਈ — 2 ਹੋਰ ਮਾਰ ਦਿੱਤੇ**

## ਆਂਧਰਾ ਦੇ ਮੰਤਰੀ ਵਲੋਂ ਅਸਤੀਫ਼ਾ

ਹੈਦਰਾਬਾਦ (ਵਿਜੇਵਾੜਾ) — ਇਥੇ ਹੋਏ ਕਾਂਗਰਸੀ ਐਮ. ਐਲ. ਏ. ਦੇ ਕਤਲ ਪਿਛੋਂ ਫੈਲੀ ਅਸ਼ਾਂਤੀ ਦੀ ਜ਼ਿਮੇਂਵਾਰੀ ਲੈਂਦਿਆਂ ਰਾਮਾਰਾਓ ਮੰਤਰੀ ਮੰਡਲ ਦੇ ਇਕ ਮੰਤਰੀ ਡਾ: ਸ਼ਿਵ ਪ੍ਰਸ਼ਾਦ ਰਾਓ ਨੇ ਅਸਤੀਫ਼ਾ ਦੇ ਦਿੱਤਾ ਹੈ ।

ਸ੍ਰੀ ਦੇਵ ਰਾਜ ਸ਼ੇਖਰ, ਜਿਸ ਨੂੰ ਇਸ ਕਤਲ ਦਾ ਜ਼ਿਮੇਂਵਾਰ ਸਮਝਿਆ ਜਾਂਦਾ ਹੈ ਤੇ ਉਹ ਪਿਛਲੇ ਦੋ ਹਫ਼ਤੇ ਤੋਂ ਫਰਾਰ ਸੀ, ਨੇ ਪੁਲਸ ਕੋਲ ਆਤਮ-ਸਮਰਪਣ ਕਰ ਦਿੱਤਾ ਹੈ ।

ਤੇਲਗੂ ਦੇਸ਼ਮ ਦੇ ਨੇਤਾ ਤੇ ਮੁਖ ਮੰਤਰੀ ਐਨ. ਟੀ. ਰਾਮਾਰਾਓ ਨੇ ਪਹਿਲਾਂ ਹੀ ਜੁਡੀਸ਼ਲ ਇਨਕੁਆਰੀ ਦਾ ਹੁਕਮ ਦੇ ਦਿੱਤਾ ਹੈ । ਸ੍ਰੀ ਦੇਵ ਰਾਜ ਸ਼ੇਖਰ ਤੇਲਗੂ ਦੇਸ਼ਮ ਦਾ ਐਮ ਐਲ ਏ ਹੈ ਤੇ ਸ੍ਰੀ ਰਾਮਾ ਰਾਓ ਨੇ ਆਦੇਸ਼ ਦਿੱਤਾ ਸੀ ਕਿ ਸ੍ਰੀ ਸ਼ੇਖਰ ਤਿੰਨ ਦਿਨ ਅੰਦਰ ਆਤਮ-ਸਮਰਪਣ ਕਰ ਦੇਣ ।

ਸ੍ਰੀ ਰੰਗਾਰਾਓ ਦੇ ਕਤਲ ਪਿਛੋਂ ਭੜਕੇ ਦੰਗਿਆਂ ਵਿਚ 50 ਵਿਅਕਤੀ ਹਲਾਕ ਹੋਏ ਸਨ ਅਤੇ ਕਈ ਸ਼ਹਿਰਾਂ ਵਿਚ ਕਰਫ਼ੀਊ ਲਾਉਣਾ ਪਿਆ ਸੀ । ਇਨ੍ਹਾਂ ਦੰਗਿਆਂ ਕਾਰਨ ਚਾਰ ਜ਼ਿਲਿਆਂ ਵਿਚ 130 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਜਿਨ੍ਹਾਂ ਵਿਚ ਦੁਕਾਨਾਂ ਨੂੰ ਅੱਗਾਂ ਲਗਾਈਆਂ ਤੇ ਹੋਰ ਲੁੱਟਮਾਰ ਹੋਈ । ਸਭ ਤੋਂ ਵੱਧ ਨੁਕਸਾਨ ਵਿਜੇਵਾੜਾ ਤੇ ਕ੍ਰਿਸ਼ਨਾ ਜ਼ਿਲਿਆਂ ਵਿਚ ਹੋਇਆ ।

ਇਸ ਘਟਨਾ ਕਾਰਨ ਟੀ. ਰਾਮਾਰਾਓ ਦੀ ਸਾਖ ਨੂੰ ਵੀ ਕਾਫੀ ਧੱਕਾ ਲੱਗਾ ਹੈ ਜੋ ਜਨਤਾ ਦਲ ਦੇ ਵੀ ਚੇਅਰਮੈਨ ਹਨ ।

## ਏਅਰ ਇੰਡੀਆ ਜਹਾਜ਼ ਨੂੰ ਬੰਬ ਦੀ ਧਮਕੀ

ਜਕਾਰਤਾ — ਏਅਰ ਇੰਡੀਆ ਦੇ ਜਹਾਜ਼ ਬੋਇੰਗ 747 ਨੂੰ ਇਹ ਧਮਕੀ ਦਿੱਤੀ ਗਈ ਸੀ ਕਿ ਜਹਾਜ਼ ਵਿਚ ਬੰਬ ਰੱਖਿਆ ਹੈ । ਜਹਾਜ਼ ਨੇ ਵਾਲ਼ੀ ਵਿਚ ਐਮਰਜੈਂਸੀ ਲੈਂਡਿੰਗ ਕੀਤੀ ਜਿਥੇ 20 ਘੰਟੇ ਰੁਕਣ ਪਿਛੋਂ ਹਵਾਈ ਜਹਾਜ਼ ਸਿੰਗਾਪੁਰ ਨੂੰ ਰਵਾਨਾ ਹੋਇਆ ।

ਇਹ ਧਮਕੀ ਬੇਬੁਨਿਆਦ ਸਿੱਧ ਹੋਈ । ਇਸ ਵਿਚ 260 ਯਾਤਰੀ ਤੇ 22 ਅਮਲੇ ਦੇ ਕਰਮਚਾਰੀ ਸਨ । ਇਹ ਧਮਕੀ ਸਿੰਗਾਪੁਰ ਵਿਚ ਦਿੱਤੀ ਗਈ ਸੀ ।

ਇਸੇ ਤਰ੍ਹਾਂ ਏਅਰ ਇੰਡੀਆ ਦੀ ਕੁਆਲਾਲੰਪਰ ਤੋਂ ਮਦਰਾਸ ਆ ਰਹੀ ਉਡਾਣ ਬਾਰੇ ਵੀ ਅਜਿਹੀ ਹੀ ਧਮਕੀ ਦਿੱਤੀ ਗਈ । ਇਹ ਜਹਾਜ਼ 17 ਘੰਟੇ ਲੇਟ ਹੋਇਆ ।

## ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਦਾ ਅਧੁਨਿਕੀਕਰਣ

ਅੰਮ੍ਰਿਤਸਰ — ਪੰਜਾਬ ਵਿਚ ਅੰਮ੍ਰਿਤਸਰ ਦਾ ਰੇਲਵੇ ਸਟੇਸ਼ਨ ਅਜਿਹਾ ਹੈ ਜਿਥੇ ਸਭ ਤੋਂ ਵੱਧ ਯਾਤਰੀ ਆਉਂਦੇ ਜਾਂਦੇ ਹਨ ਅਤੇ ਭਾਰ ਢੋਣ ਦੀਆਂ ਸੇਵਾਵਾਂ ਦਾ ਕੰਮ ਹੁੰਦਾ ਹੈ । ਇਸ ਲਈ ਉਤਰੀ ਰੇਲਵੇ ਦੇ ਅਧਿਕਾਰੀਆਂ ਨੇ ਇਸ ਰੇਲਵੇ ਸਟੇਸ਼ਨ ਦੀ ਆਧੁਨਿਕੀਕਰਣ ਦੀ ਮੁਹਿਮ ਸ਼ੁਰੂ ਕੀਤੀ ਹੈ ਜੋ 31 ਮਾਰਚ 1989 ਤੱਕ ਮੁਕੰਮਲ ਹੋ ਜਾਵੇਗੀ ।


- ਕਾਰ ਐਕਸੀਡੈਂਟ ਜਾਂ ਐਕਸੀਡੈਂਟ ਕਾਰਨ ਸੱਟਾਂ ਦਾ ਮਸਲਾ ਹੈ
- ਰੀਅਲ ਇਸਟੇਟ ਦਾ ਕੰਮ ਕਰਵਾਉਣਾ ਹੈ
- ਕੰਪਨੀਆਂ ਨੂੰ ਰਜਿਸਟਰਡ ਕਰਵਾਉਣਾ ਹੈ

ਤਾਂ

**ਮਹਿਬੂਬ ਪਿਰਾਨੀ**

ਬੈਰਿਸਟਰ ਤੇ ਸੌਲਸਿਟਰ

ਨੂੰ ਮਿਲੋ

ਫ਼ੋਨ : 874-0204

Beck, Robinson & Co.

700-686 West Broadway Vancouver, B.C. V5X 1G6



### ਮੈਟਰੀਮੋਨੀਅਲ

ਜੱਟ ਸਿੱਖ 32 ਸਾਲਾ ਤਲਾਕਸ਼ੁਦਾ ਐਮ. ਏ., ਕੱਦ 5 ਫੁੱਟ 3 ਇੰਚ ਬ੍ਰਿਟਿਸ਼ ਸਬਜੈਕਟ ਲੜਕੀ ਵਾਸਤੇ ਯੋਗ ਵਰ ਦੀ ਲੋੜ ਹੈ । ਜੋ ਕੈਨੇਡਾ ਵਿਚ ਥੋੜ੍ਹੇ ਸਮੇਂ ਲਈ ਸੈਰ ਕਰਨ ਵਾਸਤੇ ਆਈ ਹੈ । ਹੋਰ ਜਾਣਕਾਰੀ ਲਈ ਫ਼ੋਨ ਕਰੋ : (604) 765-1965
ਜਾਂ ਖਤ ਲਿਖੋ :

SS (501)
C/o The Canada Darpan
P.O.BOX 265
SURREY, B.C. V3T 4W8





**Ph. 588-5808**

9373 - 120 St., (Scott Rd.),
Delta, B. C.



**ਏ. ਸੀ. ਜਿਊਲਰਜ਼**

# ਹਵਾਈ ਜਹਾਜ਼ਾਂ 'ਤੇ ਸਕਿਊਰਿਟੀ ਸਖਤ

ਲੌਕਰਬੀ (ਸਕਾਟਲੈਂਡ) — ਪਿਛਲੇ ਹਫਤੇ ਹੋਏ ਪੈਨਅਮੈਰੇਕਨ ਹਵਾਈ ਜਹਾਜ਼ ਦੇ ਹਾਦਸੇ ਜਿਸ ਵਿਚ 259 ਮੁਸਾਫ਼ਰ ਮਾਰੇ ਗਏ ਸਨ, ਪਿਛੋਂ ਬਰਤਾਨੀਆਂ ਸਰਕਾਰ ਨੇ ਹਵਾਈ ਜਹਾਜ਼ਾਂ ਦੀ ਸਕਿਊਰਿਟੀ ਲਈ ਸਖਤ ਕਦਮ ਚੁਕੇ ਜਾਣ ਦਾ ਆਦੇਸ਼ ਦਿੱਤਾ ਹੈ। ਟਰਾਂਸਪੋਰਟ ਸੈਕਟਰੀ ਪਾਲ ਚੈਨਨ ਨੇ ਇਥੇ ਕਿਹਾ ਕਿ ਸਾਰੇ ਹਵਾਈ ਜਹਾਜ਼ਾਂ ਦੇ ਮੁਸਾਫ਼ਰਾਂ ਦੇ ਸਾਮਾਨ ਦੀ ਪੂਰੀ ਪੜਤਾਲ ਕੀਤੀ ਜਾਇਆ ਕਰੇਗੀ।

ਇਸ ਹਵਾਈ ਹਾਦਸੇ ਦੀ ਪੜਤਾਲ ਕਰ ਰਹੇ ਕਰਮਚਾਰੀਆਂ ਨੇ 21 ਦਸੰਬਰ ਨੂੰ ਹੋਏ ਹਾਦਸੇ ਵਿਚ ਆਪਣਾ ਧਿਆਨ ਉਨ੍ਹਾਂ ਦਰਜਨ ਕੁ ਅਰਬਾਂ ਉਤੇ ਕੇਂਦਰਤ ਕੀਤਾ ਹੋਇਆ ਹੈ ਜੋ ਨੀਊਯਾਰਕ ਜਾ ਰਹੇ ਸਨ। ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆ ਗਈ ਹੈ ਕਿ ਇਹ ਹਵਾਈ ਜਹਾਜ਼ ਬੰਬ ਨਾਲ ਉਡਾਇਆ ਗਿਆ ਜਿਵੇਂ 1985 ਦੀ ਜੂਨ ਵਿਚ ਏਅਰ ਇੰਡੀਆ ਦਾ ਜਹਾਜ਼ 'ਕਨਿਸ਼ਕ' ਵੀ ਬੰਬ ਨਾਲ ਹੀ ਉਡਾਇਆ ਗਿਆ ਸੀ।

ਲੌਕਰਬੀ ਕਸਬੇ ਦੇ 11 ਵਿਅਕਤੀ ਵੀ ਇਸ ਹਾਦਸੇ ਵਿਚ ਮਾਰੇ ਗਏ ਸਨ ਜਦੋਂ ਜਹਾਜ਼ ਦੇ ਮਲਬੇ ਕਾਰਨ ਅੱਗ ਲੱਗ ਗਈ ਸੀ। ਮਰਨ ਵਾਲਿਆਂ ਵਿਚ ਇਕ ਦਸ ਸਾਲ ਦੀ ਬੱਚੀ ਵੀ ਸ਼ਾਮਲ ਸੀ। ਇਸ ਹਾਦਸੇ 'ਚ ਮਾਰੇ ਜਾਣ ਵਾਲਿਆਂ ਵਿਚ 7 ਭਾਰਤੀ ਸਨ ਜਿਨ੍ਹਾਂ ਵਿਚ ਦਿਕਸ਼ਤ ਪ੍ਰਵਾਰ ਮੋਗੇ ਤੋਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਕੇ ਵਾਪਸ ਨੀਊਯਾਰਕ ਆ ਰਿਹਾ ਸੀ।

# ਮੇਜਰ ਸਿੰਘ ਉਬੋਕੇ ਬਰਨਾਲਾ ਦਲ ਛੱਡੇਗਾ?

ਅੰਮ੍ਰਿਤਸਰ — ਅਕਾਲੀ ਸਾਬਕਾ ਮੰਤਰੀ ਮੇਜਰ ਸਿੰਘ ਉਬੋਕੇ ਨੇ ਕੈਂਥੋਵਾਲ ਵਿਚ ਹੋਈ ਬਰਨਾਲਾ ਦਲ ਦੇ ਜਥੇਦਾਰਾਂ ਦੇ ਇਸ ਫੈਸਲੇ ਦੀ ਆਲੋਚਨਾ ਕੀਤੀ ਹੈ ਕਿ ਬਰਨਾਲਾ ਮੁੜ ਲੌਂਗੋਵਾਲ ਧੜੇ ਦੀ ਪ੍ਰਧਾਨਗੀ ਸੰਭਾਲਣ। ਉਬੋਕੇ ਨੇ ਕਿਹਾ ਕਿ ਇਹ ਫੈਸਲਾ ਅਕਾਲ ਤਖਤ ਦੇ ਜਥੇਦਾਰ ਦੇ ਆਦੇਸ਼ਾਂ ਦੀ ਉਲੰਘਣਾ ਹੈ।

ਜਲੰਧਰ ਵਿਚ ਰੀਪੋਰਟਰਾਂ ਨਾਲ ਗੱਲਬਾਤ ਕਰਦੇ ਹੋਏ ਉਬੋਕੇ ਨੇ ਕਿਹਾ ਕਿ ਇਸ ਫੈਸਲੇ ਨਾਲ ਅਕਾਲੀ ਧੜਿਆਂ ਵਿਚ ਹੋ ਰਹੀ ਏਕਤਾ ਦੀ ਗੱਲਬਾਤ ਨੂੰ ਇਸ ਫੈਸਲੇ ਨਾਲ ਧੱਕਾ ਪਹੁੰਚੇਗਾ। ਪਿਛਲੇ ਦਿਨੀਂ ਕੈਂਥੋਵਾਲ ਵਿਚ ਅਕਾਲੀ ਦਲ ਦੇ ਜਥੇਦਾਰਾਂ ਨੇ ਸਾਬਕਾ ਮੁਖ ਮੰਤਰੀ ਸ੍ਰੀ ਬਰਨਾਲਾ ਵਲੋਂ ਅਕਾਲ ਤਖਤ ਦੇ ਜਥੇਦਾਰ ਦੇ ਆਦੇਸ਼ 'ਤੇ ਦਿਤਾ ਅਸਤੀਫ਼ਾ ਨਾਮਨਜ਼ੂਰ ਕਰ ਦਿੱਤਾ।

ਯਾਦ ਰਹੇ ਕਿ ਮੇਜਰ ਸਿੰਘ ਉਬੋਕੇ ਉਤੇ ਅਕਾਲੀ ਵਜ਼ਾਰਤ ਸਮੇਂ ਦੋਸ਼ ਲਗਦਾ ਰਿਹਾ ਹੈ ਕਿ ਉਸ ਦੀ ਸਮਗਲਰਾਂ ਨਾਲ ਭਾਈਵਾਲੀ ਹੈ ਜਿਸ ਦਾ ਉਤਰ ਉਹ ਇਹ ਦਿੰਦੇ ਰਹੇ ਹਨ ਕਿ ਸਾਡਾ ਭਾਈਚਾਰਾ ਹੀ ਸਮਗਲਰਾਂ ਦਾ ਹੈ।

ਉਬੋਕੇ ਦੇ ਬਿਆਨ ਤੋਂ ਰਾਜਸੀ ਕਿਆਫੇ ਲੱਗ ਰਹੇ ਹਨ ਕਿ ਉਬੋਕੇ ਬਰਨਾਲਾ ਦਲ ਛੱਡਕੇ ਤਲਵੰਡੀ ਦਲ ਵੱਲ ਜਾਵੇਗਾ। ਇਹੀ ਕਿਆਫ਼ੇ ਬਲਵੰਤ ਸਿੰਘ ਬਾਰੇ ਲੱਗ ਰਹੇ ਹਨ।

# ਇਕ ਪੰਜਾਬੀ ਯੁਵਕ ਸ਼ਿੰਦਰਪਾਲ ਉਤੇ ਡੀਪੋਰਟੇਸ਼ਨ ਲਾਗੂ



ਮਾਂਟਰੀਅਲ — 1989 'ਚ ਨਵਾਂ ਰੀਫੀਊਜੀ ਕਾਨੂੰਨ ਲਾਗੂ ਹੋਣ ਦਾ ਪਹਿਲਾ ਸ਼ਿਕਾਰ ਇਕ ਪੰਜਾਬੀ ਯੁਵਕ ਸ਼ਿੰਦਰਪਾਲ ਹੋਇਆ ਹੈ ਜਿਸਨੂੰ ਕੱਲ੍ਹ ਵਾਪਸ ਦਿੱਲੀ ਭੇਜ ਦਿਤਾ ਗਿਆ। ਸਾਰੇ ਕੈਨੇਡਾ ਵਿਚ ਇਹ ਪਹਿਲੀ ਡੀਪੋਰਟੇਸ਼ਨ ਹੈ। ਸ਼ਿੰਦਰਪਾਲ 1 ਜਨਵਰੀ 1989 ਨੂੰ ਮੀਰਾਬਲ ਏਅਰਪੋਰਟ ਉਤੇ ਉਤਰਿਆ ਸੀ। ਸ਼ੁਕਰਵਾਰ ਨੂੰ ਉਸ ਨੂੰ ਇਮੀਗਰੇਸ਼ਨ ਪੈਨਲ ਸਾਹਮਣੇ ਪੇਸ਼ ਕੀਤਾ ਗਿਆ।

ਸ਼ਿੰਦਰਪਾਲ ਨੇ ਪੈਨਲ ਨੂੰ ਦੱਸਿਆ ਕਿ ਉਹ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਮੈਂਬਰ ਹੈ ਅਤੇ ਜੇਕਰ ਉਹ ਵਾਪਸ ਗਿਆ ਤਾਂ ਉਸਨੂੰ ਮਾਰ ਦਿੱਤਾ ਜਾਵੇਗਾ ਜਾਂ ਜੇਲ੍ਹ ਵਿਚ ਬੰਦ ਕਰ ਦਿੱਤਾ ਜਾਵੇਗਾ। ਪਰ ਇਮੀਗਰੇਸ਼ਨ ਪੈਨਲ ਨੇ ਕਿਹਾ ਕਿ ਪੰਜਾਬ ਵਿਚ ਅਜਿਹੇ ਹਾਲਾਤ ਨਹੀਂ ਹਨ ਜਿਨ੍ਹਾਂ ਦਾ ਜ਼ਿਕਰ ਸ਼ਿੰਦਰਪਾਲ ਨੇ ਕੀਤਾ ਹੈ।

ਇਕ ਵਲੰਟੀਅਰ ਤਾਰਿਕ ਜ਼ਹੀਰ ਨੇ ਕਿਹਾ ਕਿ ਸ਼ਿੰਦਰਪਾਲ ਨੂੰ ਰਹਿਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਸੀ ਪਰ ਜ਼ਹੀਰ ਮੁਤਾਬਕ ਨਵੇਂ ਕਾਨੂੰਨਾਂ ਅਨੁਸਾਰ ਡੀਪੋਰਟੇਸ਼ਨ ਤੋਂ 72 ਘੰਟੇ ਅੰਦਰ ਉਸ ਨੂੰ ਮੁਲਕ ਛੱਡਣਾ ਪਵੇਗਾ। ਇਹ ਹੀ ਨਵਾਂ ਕਾਨੂੰਨ ਹੈ।

ਨਵੇਂ ਕਾਨੂੰਨ ਮੁਤਾਬਕ ਜੋ ਵੀ ਰੀਫੀਊਜ਼ੀ ਕਲੇਮ ਕਰਦਾ ਹੈ ਉਸਨੂੰ ਦੋ-ਮੈਂਬਰੀ ਪੈਨਲ ਸਾਹਮਣੇ ਪੇਸ਼ ਹੋਣਾ ਪੈਂਦਾ ਹੈ। ਪੈਨਲ ਹੀ ਫੈਸਲਾ ਕਰਦਾ ਹੈ ਕਿ ਰੀਫੀਊਜੀ ਲਈ ਵਿਅਕਤੀ ਯੋਗ ਹੈ ਜਾਂ ਨਹੀਂ। ਦੋਵਾਂ ਪੈਨਲ ਮੈਂਬਰਾਂ ਦਾ ਡੀਪੋਰਟੇਸ਼ਨ ਕਰਨ ਲਈ ਸਹਿਮਤ ਹੋਣਾ ਜ਼ਰੂਰੀ ਹੈ।

85,000 ਰੀਫੀਊਜ਼ੀ ਜੋ 31 ਦਸੰਬਰ 1988 ਤੱਕ ਕਲੇਮ ਕਰ ਚੁਕੇ ਹਨ ਉਨ੍ਹਾਂ ਦਾ ਫੈਸਲਾ ਦੋ ਸਾਲ ਅੰਦਰ ਹੋਵੇਗਾ।

# ਆਂਧਰਾ ਪ੍ਰਦੇਸ਼ 'ਚ ਮੁੜ ਕਰਫੀਊ

ਹੈਦਰਾਬਾਦ — ਆਂਧਰਾ ਪ੍ਰਦੇਸ਼ ਵਿਚ ਦੁਬਾਰਾ ਗੜਬੜ ਹੋਣ ਕਾਰਨ ਕਈ ਸ਼ਹਿਰਾਂ ਵਿਚ ਮੁੜ ਕਰਫੀਊ ਲੱਗਾ ਦਿੱਤਾ ਗਿਆ ਹੈ। ਇਹ ਗੜਬੜ ਪਹਿਲਾਂ ਕਾਂਗਰਸੀ ਐਮ. ਐਲ. ਏ. ਸ੍ਰੀ ਰੰਗਾ ਰਾਓ ਦੇ ਕਤਲ ਪਿਛੋਂ ਸ਼ੁਰੂ ਹੋਈ ਸੀ ਜਿਸ ਵਿਚ 50 ਤੋਂ ਵੱਧ ਵਿਅਕਤੀ ਮਾਰੇ ਗਏ ਸਨ।

ਗੜਬੜ ਅਤੇ ਤਣਾਅ ਪੈਦਾ ਕਰਨ ਲਈ ਇੰਦਰਾ ਕਾਂਗਰਸ ਜ਼ਿਮੇਂਵਾਰ ਦੱਸੀ ਜਾਂਦੀ ਹੈ ਕਿਉਂਕਿ ਕਾਂਗਰਸੀਆਂ ਨੇ ਸਾਰੇ ਸੂਬੇ ਵਿਚ ਮੁਜ਼ਾਹਰੇ ਕਰਨ ਦੀ ਧਮਕੀ ਦਿੱਤੀ ਸੀ। ਆਂਧਰਾ ਵਿਚ ਕਾਂਗਰਸ ਵਿਰੋਧੀ ਪਾਰਟੀ ਹੈ।

## 50 ਲੱਖ ਰੁਪਏ ਦੀ ਸਹਾਇਤਾ

ਇਸੇ ਦੌਰਾਨ ਦਿੱਲੀ ਤੋਂ ਖ਼ਬਰ ਮਿਲੀ ਹੈ ਕਿ ਆਂਧਰਾ ਪ੍ਰਦੇਸ਼ ਵਿਚ ਦੰਗਾ-ਗ੍ਰਸਤ ਲੋਕਾਂ ਦੀ ਸਹਾਇਤਾ ਲਈ ਪ੍ਰਧਾਨ ਮੰਤਰੀ ਨੇ ਆਪਣੇ ਰਾਹਤ-ਫੰਡ ਵਿਚੋਂ 50 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਬੀਮਾ ਕੰਪਨੀਆਂ ਤੇ ਬੈਂਕਾਂ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਦੰਗਾ-ਗ੍ਰਸਤ ਲੋਕਾਂ ਨੂੰ ਕਰਜ਼ੇ ਦਿੱਤੇ ਜਾਣ।

## 13 ਕੰਪਨੀਆਂ ਹੋਰ

ਆਂਧਰਾ ਪ੍ਰਦੇਸ਼ ਵਿਚ 13 ਕੰਪਨੀਆਂ ਨੀਮ-ਫੌਜੀ ਦਸਤਿਆਂ ਦੀਆਂ ਹੋਰ ਭੇਜੀਆਂ ਗਈਆਂ ਹਨ ਤਾਂਕਿ ਦੰਗਿਆਂ ਨੂੰ ਰੋਕਿਆ ਜਾ ਸਕੇ।


**Parveen's Accounting**

- ਅਕਾਊਂਟਿੰਗ
- ਕੰਪਿਊਟਰਾਈਜ਼ਡ ਪੇ ਰੋਲ
- ਇਨਕਮ ਟੈਕਸ
- ਕੰਪਨੀਆਂ ਦੀ ਰਜਿਸਟਰੇਸ਼ਨ

ਸਾਰਾ ਸਾਲ ਸੇਵਾਵਾਂ

Two Locations:

7277 - Fraser St., VANCOUVER, B.C.
Ph. 324-1191

#3 - 11945, 95 A Ave., DELTA, B.C.
Ph. 583-3420


# ਰੌਸ ਗੁਰਦੁਆਰਾ ਹੀ ਜੁਰਮਾਨਾ ਭਰੇ — ਸੰਘੇੜਾ

ਵੈਨਕੂਵਰ — 'ਵੈਨਕੂਵਰ ਸਨ' ਦੀ ਖ਼ਬਰ ਅਨੁਸਾਰ ਵੈਨਕੂਵਰ ਦੀ ਛੋਟੇ ਕਲੇਮਾਂ ਦੀ ਕੋਰਟ ਵਿਚ ਕਲੀਅਰਬਰੁੱਕ ਦੇ ਮੱਖਣ ਸਿੰਘ ਸੰਘੇੜਾ ਉਤੇ ਕੇਸ ਕੀਤਾ ਗਿਆ ਹੈ ਕਿ ਉਸ ਨੇ ਇਕ ਰੀਫੀਊਜ਼ੀ ਕਲੇਮ ਵਾਲੇ ਜੀਤ ਸਿੰਘ ਮੁਲਤਾਨੀ ਦਾ 3000 ਡਾਲਰ ਦਾ ਬੌਂਡ ਦਿੱਤਾ ਸੀ ਪਰ ਜੀਤ ਸਿੰਘ ਮੁਲਤਾਨੀ ਇਮੀਗਰੇਸ਼ਨ ਕੋਲ ਪੇਸ਼ ਨਾ ਹੋਣ ਕਾਰਨ ਇਹ ਬੌਂਡ ਦੀ ਰਕਮ ਦੇਵੇ ਪਰ ਸੰਘੇੜਾ ਨੇ ਕਿਹਾ ਕਿ ਮੁਲਤਾਨੀ ਰੌਸ ਗੁਰਦੁਆਰੇ ਰਹਿੰਦਾ ਸੀ, ਇਸ ਲਈ ਗੁਰਦੁਆਰੇ ਵਾਲੇ ਹੀ ਹੁਣ ਇਹ 3000 ਡਾਲਰ ਦੇਣ।

ਇਮੀਗਰੇਸ਼ਨ ਦੇ ਇਕ ਅਧਿਕਾਰੀ ਨੇ ਕਿਹਾ ਕਿ ਜੀਤ ਸਿੰਘ ਮੁਲਤਾਨੀ ਤੋਂ ਬਿਨਾਂ ਪੰਜ ਹੋਰ ਅਜਿਹੇ 'ਰੀਫੀਊਜ਼ੀ' ਹਨ ਜੋ ਦੌੜ ਗਏ ਹਨ। 1987 ਵਿਚ ਜਿਹੜੇ 174 ਬੰਦੇ 'ਰੀਫੀਊਜ਼ੀ' ਬਣਕੇ ਆਏ ਸਨ ਉਨ੍ਹਾਂ ਵਿਚ ਇਹ ਛੇ ਬੰਦੇ ਵੀ ਸ਼ਾਮਲ ਸਨ ਜਿਨ੍ਹਾਂ ਦੇ ਬੌਂਡ ਰੱਖੇ ਗਏ ਸਨ। ਬੌਂਡ 20,000 ਡਾਲਰ ਦੇ ਹਨ। ਸ਼ੱਕ ਹੈ ਕਿ ਇਹ ਛੇ ਬੰਦੇ ਅਮਰੀਕਾ ਦੌੜ ਗਏ ਹਨ।

ਇਹ ਕੇਸ 12 ਜਨਵਰੀ ਨੂੰ ਕੋਰਟ ਵਿਚ ਪੇਸ਼ ਹੋਵੇਗਾ। ਮੱਖਣ ਸਿੰਘ ਸੰਘੇੜਾ ਇਸ ਸਮੇਂ ਇੰਡੀਆ ਗਿਆ ਹੋਇਆ ਹੈ।

ਇਮੀਗਰੇਸ਼ਨ ਅਧਿਕਾਰੀ ਨੇ ਕਿਹਾ ਚਾਰ ਕੇਸ ਤਿੰਨ ਤਿੰਨ ਹਜ਼ਾਰ ਡਾਲਰ ਦੇ ਹਨ ਅਤੇ ਇਕ ਪੰਜ ਹਜ਼ਾਰ ਡਾਲਰ ਵਸੂਲ ਕੀਤੇ ਜਾਣ ਦਾ ਹੈ। ਇਹ ਕੇਸ ਵੀ ਅਗਲੇ ਦਿਨਾਂ ਵਿਚ ਕੋਰਟ ਵਿਚ ਆਉਣਗੇ।

ਛੇ ਫਰਾਰ ਬੰਦਿਆਂ ਦੇ ਵਾਰੰਟ ਜਾਰੀ ਕਰ ਦਿੱਤੇ ਗਏ ਹਨ।

ਦਲਜੀਤ ਸਿੰਘ ਸੰਧੂ ਨੇ 'ਸਨ' ਅਖ਼ਬਾਰ ਨੂੰ ਦੱਸਿਆ ਕਿ ਵੀਹ ਹਜ਼ਾਰ ਡਾਲਰਾਂ ਬਾਰੇ ਇਮੀਗਰੇਸ਼ਨ ਅਧਿਕਾਰੀਆਂ ਨਾਲ ਗੱਲਬਾਤ ਚਲ ਰਹੀ ਹੈ।


**UJJAL DOSANJH**
**LAWYER**

#202—5887 VICTORIA DRIVE,
VANCOUVER, B.C. V5P 3W5

ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ

- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ
- ਇਮੀਗਰੇਸ਼ਨ ਦੀਆਂ ਅਪੀਲਾਂ
- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਉਜੱਲ ਦੁਸਾਂਝ

PHONE 327-6381


ਹਨ੍ਹੇਰੀ ਆਉਣ ਤੇ ਜੇਕਰ ਤੁਸਾਂ ਨੇ ਬੁੱਤ ਬਣਨਾ ਸੀ
ਤੁਰੇ ਸੀ ਕਾਫ਼ਲੇ ਅੱਗੇ ਕਿਉਂ ਪਹਿਲਾਂ ਰਹਿਬਰਾਂ ਵਾਗੂੰ।

# ਪੁਲਸ ਪਾਰਟੀ ’ਤੇ ਰਾਕਟਾਂ ਨਾਲ ਹਮਲਾ

ਅੰਮ੍ਰਿਤਸਰ — ਪਿਛਲੇ ਦਿਨੀਂ ਅਤਿਵਾਦੀਆਂ ਵਲੋਂ ਤਰਨਤਾਰਨ ਵਿਚ ਇਕ ਪੁਲਸ ਪਾਰਟੀ ਉਤੇ ਰਾਕਟਾਂ ਨਾਲ ਹਮਲਾ ਕੀਤਾ ਗਿਆ ਪਰ ਪੁਲਸ ਪਾਰਟੀ ਦੇ ਕਿਸੇ ਮੈਂਬਰ ਨੂੰ ਗੰਭੀਰ ਸੱਟਾਂ ਨਹੀਂ ਲੱਗੀਆਂ ਕਿਉਂਕਿ ਰਾਕਟਾਂ ਦਾ ਹਮਲਾ ਠੀਕ ਟਿਕਾਣਿਆਂ ਉਤੇ ਨਾ ਲੱਗ ਸਕਿਆ। ਇਸ ਗ੍ਰੂਹ ਵਿਚ ਅੱਠ ਅਤਿਵਾਦੀ ਸ਼ਾਮਲ ਸਨ।

## ਫਲੌਰ ਲਾਗੇ ਬਹਾਦਰ ਸਿੰਘ ਹਲਾਕ

ਜਲੰਧਰ ’ਚ ਫਲੌਰ ਦੇ ਨੇੜੇ ਜੋ ਅਤਿਵਾਦੀ ਮਾਰਿਆ ਗਿਆ ਉਸ ਦਾ ਨਾਂ ਬਹਾਦਰ ਸਿੰਘ ਦੱਸਿਆ ਗਿਆ ਹੈ ਜੋ ਮੋਰੇ ਪਿੰਡ ਦਾ ਰਹਿਣ ਵਾਲਾ ਸੀ। ਇਸ ਪੁਲਸ ਮੁਕਾਬਲੇ ਵਿਚ ਉਸਦੇ ਤਿੰਨ ਸਾਥੀ ਭੱਜ ਨਿਕਲਣ ਵਿਚ ਕਾਮਯਾਬ ਰਹੇ।

## ਹਿਮਾਚਲ ’ਚ 70000 ਰੁਪਏ ਲੁੱਟੇ

ਹਿਮਾਚਲ ਪ੍ਰਦੇਸ਼ ’ਚ ਸੋਲਨ ਜ਼ਿਲੇ ਵਿਚ ਦੋ ਆਤਵਾਦੀਆਂ ਨੇ ਇਕ ਚੌਲ ਮਿਲ ਵਿਚੋਂ 70,000 ਰੁਪਏ ਲੁੱਟ ਲਏ। ਪੰਜਾਬ ਦੇ ਗੁਰਦਾਸਪੁਰ ਜ਼ਿਲੇ ਵਿਚ ਅਤਿਵਾਦੀਆਂ ਨੇ ਪੁਲਸ ਦੀ ਚੌਂਕੀ ਉਤੇ ਹਮਲਾ ਕੀਤਾ। ਦੋਨਾਂ ਪਾਸਿਆਂ ਤੋਂ ਗੋਲੀ ਚੱਲੀ।

## ਅਮਰੀਕ ਸਿੰਘ ਜ਼ਖਮੀ

ਅੰਮ੍ਰਿਤਸਰ ਵਿਚ ਦੋ ਦਹਿਸ਼ਤਗਰਦਾਂ ਨੇ ਅਮਰੀਕ ਸਿੰਘ ਨੂੰ ਜ਼ਖਮੀ ਕਰ ਦਿੱਤਾ।

● ਆਂਧਰਾ ’ਚ ਮਾਰੇ ਗਏ ਕਾਂਗਰਸੀ ਐਮ. ਐਲ. ਏ. ਦੀ ਪਤਨੀ ਵਲੋਂ ਭੁੱਖ ਹੜਤਾਲ।


**MORTGAGE MONEY?**

High mortgage amounts available on conventional basis
No insurance fees!
Purchasing or re-financing

**Bad credit rating? Turn Down?**

**NO PROBLEM**

Residential, Commercial, Motels & Interim financing.
**1st & 2nd Mortgages**

1 & 2nd Mortgage up to 85-90%

**AFRO-CANADIAN MORTGAGE LTD.**
*8 YEARS EXPERIENCE*
**SHERALI VELJI**
Monday to Friday 9.30 to 5.30
Saturday 11-4

**Ph. 433-6391**
Ste. 300-3665 Kingsway Vancouver, B.C
Res: 433-7975


# ਕਿਨਜ਼ਮੈਨ ਮਦਰਜ਼ ਮਾਰਚ ਲਈ ਸਹਾਇਤਾ ਫੰਡ
## ਜਨਵਰੀ 15-31, 1989

ਤੁਹਾਡੀ ਦਿੱਤੀ ਹੋਈ ਰਕਮ ਬੀ. ਸੀ. ਦੇ ਅਪਾਹਿਜ ਵਿਅਕਤੀਆਂ ਦੀ ਸਹਾਇਤਾ ਤੇ ਖਰਚ ਹੁੰਦੀ ਹੈ।

ਸਾਡੇ ਕੁਝ ਪ੍ਰੋਗਰਾਮ ਇਹ ਮੁਫਤ ਸੇਵਾਵਾਂ ਦਿੰਦੇ ਹਨ —

— ਪਹੀਆਂ ਵਾਲੀਆਂ ਕੁਰਸੀ, ਬਿਸਾਖੀਆਂ, ਬਨਾਉਟੀ ਅੰਗ।
— ਆਵਾਜਾਈ ਲਈ ਜ਼ਰੂਰੀ ਸੇਵਾਵਾਂ।
— ਦਵਾਈਆਂ।
— ਪੂਰਨ ਤੌਰ ’ਤੇ ਅਪਾਹਿਜ ਵਿਅਕਤੀਆਂ ਲਈ ਬਿਜਲੀ ਯੰਤਰ।

ਇਸ ਪ੍ਰਕਾਰ ਅਸੀਂ ਸਹਾਇਤਾ ਕਰਦੇ ਹਾਂ।

ਕੀ ਅਸੀਂ ਤੁਹਾਡੀ ਜਾਂ ਤੁਹਾਡੇ ਕਿਸੇ ਜਾਨਣ ਵਾਲੇ ਦੀ ਸਹਾਇਤਾ ਕਰ ਸਕਦੇ ਹਾਂ?

ਇਸ ਸੰਸਥਾ ਲਈ ਖੁਲ੍ਹ ਕੇ ਦਾਨ ਦਿਓ।

ਹੋਰ ਜਾਣਕਾਰੀ ਲਈ ਫ਼ੋਨ ਕਰੋ:

(604) 736-8841

# ਖਾੜੀ ’ਚੋਂ 87000 ਲੋਕ ਵਾਪਸ

ਤ੍ਰੀਵੈਂਦਰਮ — ਕੇਰਲਾ ਦੇ ਮੁਖ ਮੰਤਰੀ ਨੇ ਇਥੇ ਕਿਹਾ ਕਿ ਖਾੜੀ ਦੇ ਦੇਸ਼ਾਂ ਵਿਚੋਂ ਇਸ ਸਾਲ ਵਿਚ 87,000 ਲੋਕ ਵਾਪਸ ਆ ਗਏ ਹਨ ਜਿਸ ਨਾਲ ਬੇਰੁਜ਼ਗਾਰੀ ਦੀ ਸਮੱਸਿਆ ਵਧੀ ਹੈ।

ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੂੰ ਸਾਢੇ ਸੱਤ ਕਰੋੜ ਰੁਪਏ ਦੀ ਆਰਥਿਕ ਸਹਾਇਤਾ ਲਈ ਫੰਡ ਸਥਾਖਤ ਕਰਨ ਲਈ ਕਿਹਾ ਗਿਆ ਸੀ ਤਾਂਕਿ ਇਨ੍ਹਾਂ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾ ਸਕੇ ਪਰ ਭਾਰਤ ਸਰਕਾਰ ਨੇ ਕੋਈ ਜੁਆਬ ਨਹੀਂ ਦਿੱਤਾ।


**ਏ. ਡੀ. ਬਾਰੀਆ ਐਲ. ਐਲ. ਬੀ.**
**ਵਕੀਲ**

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ

● ਪਰਸਨਲ ਸੱਟਾਂ
● ਫੈਮਿਲੀ ਮਾਮਲੇ ਤੇ ਡਾਈਵੋਰਸ
● ਰੀਅਲ ਇਸਟੇਟ ਦੇ ਮਾਮਲੇ

**ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ**

**Arsad Dara Baria LL.B.**
**Lawyer**
Ste. 209-6330 Fraser St., Vancouver, B.C.
**Ph. 321-8300**



**ਬੇਹਤਰੀਨ ਫ਼ੋਟੋਆਂ ਲਈ**
**ਗੁਰਮੇਲ ਰਾਏ**
**ਨੂੰ ਯਾਦ ਰੱਖੋ**

● ਪ੍ਰੋਫੈਸ਼ਨਲ ਸਿਖਿਆ ਪ੍ਰਾਪਤ ਫੋਟੋਗਰਾਫਰ
● ਵਿਆਹ ਸ਼ਾਦੀਆਂ ਅਤੇ ਹੋਰ ਫੰਕਸ਼ਨਾਂ ਲਈ ਵਾਜਬ ਰੇਟ
● ਵਧੀਆ ਕੁਆਲਿਟੀ

**ਗੁਰਮੇਲ ਰਾਏ**
**ਫ਼ੋਨ : 583-7512**



**BOOK NOW FLY LATER SAVE MONEY**



**SPECIAL FARES TO:**
San Francisco Toronto London

**Cheapest Fares To New Delhi, Bombay, Madras, Calcutta, Karachi, Colombo & Kathmandu**

**WE ARE AUTHORIZED AGENTS FOR.**
JAL JAPAN AIR LINES
AIR CANADA
CATHAY PACIFIC
Canadian
Wardair Canada
KLM
UNITED

**Goyal Travels Inc.**
4152 Fraser St., Vancouver, B.C. V5V 4E8
**PH. (604) 877-7777**
TOLL FREE From B.C., Alberta, Saskatchewan & Manitoba.
1-800-663-8638

CALGARY
Ph. (403) 235-6808

TORONTO
(416) 593-6966


**‘ਕੈਨੇਡਾ ਦਰਪਣ’ ਦੇ ਚੰਦੇ ਦਾ ਫ਼ਾਰਮ**
**SUBSCRIPTION FORM**

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..............................
Address..............................
City..............................
Province..............................
Postal code..............................
PHONE.

One Year .................. 30 dollars
Two Year .................. 55 dollars
Three year .................. 80 dollars
Life membership.......... 500 dollars
ASIA........................ 150 dollars [a year]
U.S.A. ...................... 35 dollars [a year]
Europe ...................... 150 dollars [a year]
Africa ...................... 150 dollars [a year]

# ਖੱਬੀਆਂ ਤੇ ਧਰਮ-ਨਿਰਪੱਖ ਪਾਰਟੀਆਂ ਇਕ ਮੰਚ 'ਤੇ ਆਉਣ — ਨੰਬੂਦਰੀਪਾਦ

ਤ੍ਰਿਵੇਂਦਰਮ — ਮਾਰਕਸੀ ਪਾਰਟੀ ਦੇ ਜਨਰਲ ਸਕੱਤਰ ਨੰਬੂਦਰੀਪਾਦ ਨੇ ਕਿਹਾ ਹੈ ਕਿ ਮਾਰਕਸੀ ਪਾਰਟੀ ਫਿਰਕੂ ਅਤੇ ਵੱਖਵਾਦੀ ਤਾਕਤਾਂ ਨਾਲ ਲੜਨ ਵਾਸਤੇ ਖੱਬੀਆਂ ਅਤੇ ਧਰਮ-ਨਿਰਪੱਖ ਵਿਰੋਧੀ ਪਾਰਟੀਆਂ ਨੂੰ ਇਕਮੁੱਠ ਕਰਨ ਦਾ ਯਤਨ ਕਰੇਗੀ। ਇਥੇ ਪਾਰਟੀਆਂ ਦੀ 13ਵੀਂ ਕਾਂਗਰਸ 'ਚ ਬੋਲਦਿਆਂ ਉਨ੍ਹਾਂ ਐਲਾਨ ਕੀਤਾ ਕਿ ਖੱਬੀਆਂ ਅਤੇ ਧਰਮ-ਨਿਰਪੱਖ ਵਿਰੋਧੀ ਪਾਰਟੀਆਂ ਦਾ ਸਾਥ ਬਣ ਜਾਵੇ ਤਾਂ ਕਾਂਗਰਸ (ਆਈ) ਨੂੰ ਸੱਤਾ ਤੋਂ ਹਟਾਉਣ ਲਈ ਚੰਗੀ ਤਸੱਲੀ ਨਾਲ 'ਹੰਭਲਾ' ਮਾਰਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਪਾਰਟੀ ਦੀ ਬਾਰ੍ਹਵੀਂ ਕਾਂਗਰਸ ਤੋਂ ਤਿੰਨ ਸਾਲ ਪਿਛੋਂ ਕਾਂਗਰਸ (ਆਈ) ਦੀਆਂ ਨੀਤੀਆਂ ਦੇ ਵਿਰੁਧ ਜਿਸ ਤਰ੍ਹਾਂ ਦੇ ਸੰਘਰਸ਼ ਹੋਏ ਉਹ ਆਪਣੇ ਆਪ ਵਿਚ ਇਕ ਮਿਸਾਲ ਹਨ। ਨੰਬੂਦਰੀਪਾਦ ਨੇ ਕਿਹਾ ਕਿ ਮਾਰਕਸੀ ਪਾਰਟੀ ਦੇ ਆਰੰਭ ਤੋਂ ਹੀ ਵਿਸ਼ਵ ਦੀਆਂ ਕਮਿਊਨਿਸਟ ਪਾਰਟੀਆਂ ਦੇ ਭਰਾਤਰੀ ਡੈਲੀਗੇਟ ਇਸ ਕਾਂਗਰਸ ਵਿਚ ਹਿੱਸਾ ਲੈ ਰਹੇ ਹਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਭਰਾਤਰੀ ਪਾਰਟੀ ਦੇ ਮੈਂਬਰਾਂ ਦੀ ਸ਼ਮੂਲੀਅਤ ਨਾਲ ਕੌਮਾਂਤਰੀ ਪੱਧਰ ਉਤੇ ਇਸ ਲਹਿਰ ਨੂੰ ਬਲ ਮਿਲ ਸਕਦਾ ਹੈ। ਨੰਬੂਦਰੀਪਾਦ ਨੇ ਐਟਮੀ ਹਥਿਆਰਾਂ ਨੂੰ ਨਸ਼ਟ ਕਰਨ ਅਤੇ ਸ਼ਾਂਤੀ ਸਥਾਪਤ ਕਰਨ ਵਾਸਤੇ ਸਮਾਜਵਾਦੀ ਦੇਸ਼ਾਂ ਦੇ ਨੇਤਾਵਾਂ ਦੀ ਪਹਿਲਕਦਮੀ ਨੂੰ ਮਿਲੇ ਵਿਆਪਕ ਹੁੰਗਾਰੇ ਦਾ ਸੁਆਗਤ ਕੀਤਾ। ਉਨ੍ਹਾਂ ਦੱਸਿਆ ਕਿ ਇਸ ਦਿਸ਼ਾ ਵੱਲ ਕੀਤੇ ਗਏ ਇਸ ਉਦਮ ਨਾਲ ਸਮਾਜਵਾਦ ਪ੍ਰਬੰਧ ਹੋਰ ਮਜ਼ਬੂਤ ਹੋ ਜਾਇਗਾ।

# ਅਤਿੰਦਰਪਾਲ ਵੀ ਸ਼ਾਮਲ

ਨਵੀਂ ਦਿੱਲੀ — ਕਿਹਰ ਸਿੰਘ, ਜਿਸ ਨੂੰ 6 ਜਨਵਰੀ ਨੂੰ ਫਾਂਸੀ ਦੇ ਦਿੱਤੀ ਗਈ, ਨੇ ਆਖਰੀ ਦਾਅ ਵਜੋਂ ਇਕ ਪਟੀਸ਼ਨ ਦਾਖਲ ਕੀਤੀ ਸੀ ਕਿ ਮੁਹਾਲੀ ਤੋਂ ਫੜੇ ਅਤਿਵਾਦੀ ਅਤਿੰਦਰਪਾਲ ਸਿੰਘ ਦਾ ਬਿਆਨ ਲੈਣ ਤੱਕ ਉਸ ਦੀ ਫਾਂਸੀ ਰੋਕ ਦਿੱਤੀ ਜਾਵੇ। ਇਹ ਆਖਰੀ ਪਟੀਸ਼ਨ ਵੀ ਸੁਪਰੀਮ ਕੋਰਟ ਨੇ ਉਸੇ ਦਿਨ 4 ਜਨਵਰੀ ਨੂੰ ਰੱਦ ਕਰ ਦਿੱਤੀ ਸੀ।

ਅਤਿੰਦਰਪਾਲ ਸਿੰਘ ਜੋ ਖਾਲਿਸਤਾਨ ਲਿਬਰੇਸ਼ਨ ਆਰਗੇਨਾਈਜ਼ਨ ਦਾ ਮੁਖ ਆਗੂ ਹੈ, ਇਸ ਸਮੇਂ ਪੁਲਸ ਹਿਰਾਸਤ ਵਿਚ ਹੈ ਤੇ ਉਸ ਨੇ ਆਪਣੇ ਇਕਬਾਲੀਆ ਬਿਆਨ ਵਿਚ ਇਹ ਮੰਨਿਆ ਹੈ ਕਿ ਉਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕਤਲ ਦੀ ਸਾਜ਼ਿਸ਼ ਵਿਚ ਵੀ ਸ਼ਾਮਲ ਸੀ।

ਕਿਹਰ ਸਿੰਘ ਨੇ ਆਪਣੀ ਪਟੀਸ਼ਨ ਵਿਚ ਇਹ ਵੀ ਕਿਹਾ ਸੀ ਕਿ ਅਦਾਲਤ ਅਤਿੰਦਰਪਾਲ ਸਿੰਘ ਦਾ ਬਿਆਨ ਲਵੇ ਤੇ ਇਹ ਦੇਖੇ ਕਿ ਉਸਦੇ ਕੇਸ ਉਤੇ ਇਸ ਦਾ ਕੀ ਪ੍ਰਭਾਵ ਪੈਂਦਾ ਹੈ। ਇਹ ਪਟੀਸ਼ਨ ਕਿਹਰ ਸਿੰਘ ਦੇ ਵਕੀਲ ਜੇਠਮਲਾਨੀ ਨੇ ਦਾਖਲ ਕੀਤੀ ਸੀ।

## ਰਾਜਿੰਦਰ ਸਿੰਘ ਟਾਈਪਿਸਟ

ਕਿਹਰ ਸਿੰਘ ਦਾ ਲੜਕਾ ਰਾਜਿੰਦਰ ਸਿੰਘ ਇਸ ਸਮੇਂ ਜੇਠਮਿਲਾਨੀ ਦੇ ਦਫਤਰ ਵਿਚ ਟਾਈਪਿਸਟ ਦਾ ਕੰਮ ਕਰਦਾ ਹੈ। ਉਹ ਪਾਰਟ-ਟਾਈਮ ਦੇ ਤੌਰ ਉਤੇ ਸਤਵੰਤ ਦੇ ਵਕੀਲ ਸ੍ਰੀ ਸੋਢੀ ਦਾ ਵੀ ਟਾਈਪਿਸਟ ਹੈ। ਰਾਜਿੰਦਰ ਸਿੰਘ ਪਹਿਲਾਂ ਸਰਕਾਰੀ ਮੁਲਾਜ਼ਮ ਸੀ।

## ਜੇਠਮਿਲਾਨੀ ਕਿਤਾਬ ਲਿਖੇਗਾ ?

ਇਹ ਵੀ ਪਤਾ ਲੱਗਾ ਹੈ ਕਿ ਜੇਠ ਮਿਲਾਨੀ ਇਸ ਕਤਲ ਕੇਸ ਬਾਰੇ ਇਕ ਕਿਤਾਬ ਲਿਖੇਗਾ ਜਿਸ ਵਿਚੋਂ ਲੱਖਾਂ ਰੁਪਏ ਰਇਅਲਟੀ ਦੇ ਬਣ ਸਕਣਗੇ।

# ਭੁੱਟੋ ਖਾਲਿਸਤਾਨ ਦਾ ਵਿਰੋਧੀ ਸੀ

ਨਵੀਂ ਦਿੱਲੀ — ਪਾਕਿਸਤਾਨ ਦੇ ਰੋਜ਼ਾਨਾ ਅੰਗਰੇਜ਼ੀ ਅਖਬਾਰ "ਦੀ ਮੁਸਲਿਮ" ਨੇ ਇਕ ਸਰਵੇ-ਰਿਪੋਰਟ ਪ੍ਰਕਾਸ਼ਤ ਕੀਤੀ ਹੈ ਜਿਸ ਵਿਚ ਕਿਹਾ ਹੈ ਕਿ ਪਾਕਿਸਤਾਨ ਦੇ ਮਰਹੂਮ ਪ੍ਰਧਾਨ ਮੰਤਰੀ ਜ਼ੁਲਫਕਾਰ ਅਲੀ ਭੁੱਟੋ ਨੇ 'ਖਾਲਿਸਤਾਨ' ਜਾਂ ਇਸ ਦੀ ਮੱਦਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਹ ਵੇਰਵਾ ਮਕਸੂਦ ਅਹਿਮਦ ਮਸੂਦ ਤੇ ਪੀਟਰ ਸਟਾਕਡੇਲ ਵਲੋਂ ਤਿਆਰ ਕੀਤੀ ਪੁਸਤਕ ਵਿਚ ਦਿੱਤਾ ਗਿਆ ਹੈ। ਇਹ ਵੀ ਲਿਖਿਆ ਹੈ ਕਿ "ਨੈਸ਼ਨਲ ਕੌਂਸਲ ਆਫ ਖਾਲਿਸਤਾਨ" ਦੇ ਆਗੂ ਜਗਜੀਤ ਸਿੰਘ ਨੇ ਇਕ ਵਾਰ ਕਿਹਾ ਸੀ ਕਿ ਸ੍ਰੀ ਜ਼ੁਲਫਕਾਰ ਅਲੀ ਭੁੱਟੋ ਨਨਕਾਣਾ ਸਾਹਿਬ ਤੇ ਪਾਕਿਸਤਾਨ ਵਿਚਲੇ ਹੋਰ ਗੁਰਦੁਆਰਿਆਂ ਬਾਰੇ ਹੋਏ ਸਮਝੌਤਿਆਂ ਨੂੰ ਲਾਗੂ ਕਰਨ ਤੋਂ ਮੁਨਕਰ ਹੋ ਗਏ ਸਨ

ਅਖਬਾਰ ਨੇ ਪੁਸਤਕ ਦੇ ਬਾਰੇ 'ਚ ਲਿਖਿਆ ਹੈ ਕਿ ਪੰਜਾਬ ਮਸਲੇ ਬਾਰੇ ਪਾਕਿਸਤਾਨ ਸਰਕਾਰ ਦੇ ਰੋਲ ਨੂੰ ਵਿਸਥਾਰਪੂਰਬਕ ਦਰਸਾਇਆ ਹੈ ਕਿ ਸਮੇਂ ਸਮੇਂ ਸਿਰ ਪਾਕਿਸਤਾਨ ਦਾ ਸਟੈਂਡ ਕਿਹੋ ਜਿਹਾ ਰਿਹਾ ?

Damandeep Productions Bombay
Presents
A COLORFUL FULL LENGTH PUNJABY PLAY

SHARBATI
(ਸ਼ਰਬਤੀ)



WRITTEN BY: RANA JANG BAHADUR    DIRECTED BY: MOHAN BAGGAN

SUNDAY JANUARY 15th AT 2:00 P.M.
AT: GATEWAY THEATRE, 6500 GILBERT ROAD, RICHMOND

TICKETS: Advance - $8.00  Door $10.00
Available at:
• MANN MUSIC 321-6667 • GOYAL VIDEO 877-7778 • TASLEEM VIDEO
For more information:
Mohan Baggan: 594-5734   H.S. Josh: 274-7314

# ਹੈਲੀਕਾਪਟਰ ਹਾਦਸੇ 'ਚ ਤਿੰਨ ਮਰੇ

ਸ੍ਰੀ ਨਗਰ —ਬਨਿਹਾਲ ਚੋਟੀ ਨਾਲ ਟਕਰਾ ਕੇ ਇਕ ਫੌਜੀ ਹੈਲੀਕਾਪਟਰ ਤਬਾਹ ਹੋਣ ਦੀ ਖਬਰ ਮਿਲੀ ਹੈ। ਜਿਸ ਵਿਚ ਸਵਾਰ ਫੌਜ ਦੇ ਤਿੰਨ ਅਧਿਕਾਰੀ ਮਾਰੇ ਗਏ। ਕੈਪਟਨ ਐਸ. ਡੀ. ਤਾਰਿਕ, ਕੇ: ਰਾਜੀਵ ਮਾਥੁਰ ਤੇ ਹਵਾਈ ਸੈਨਾ ਦਾ ਸੁਕੈਅਡਰਨ ਲੀਡਰ ਸ੍ਰੀ ਬਜ਼ਾਜ਼ ਮਾਰੇ ਗਏ।

ਹੈਲੀਕਾਪਟਰ ਦਾ ਮਲਬਾ 10,000 ਉਚੀ ਬਨਿਹਾਲ ਚੋਟੀ ਉਤੇ ਦੇਖਿਆ ਗਿਆ।

# ਜ਼ੁਲਫਕਾਰ ਅਲੀ ਭੁੱਟੋ ਦਾ ਜਨਮ ਦਿਨ ਮਨਾਇਆ ਗਿਆ

ਇਸਲਾਮਾਬਾਦ — ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਪਿਤਾ ਤੇ ਸਾਬਕਾ ਪ੍ਰਧਾਨ ਮੰਤਰੀ ਜ਼ੁਲਫਕਾਰ ਅਲੀ ਭੁੱਟੋ ਦਾ 60ਵਾਂ ਜਨਮ ਦਿਨ ਸਰਕਾਰੀ ਪੱਧਰ ਉਤੇ ਮਨਾਏ ਜਾਣ ਦੀ ਖਬਰ ਹੈ। ਸ੍ਰੀ ਭੁੱਟੋ ਨੂੰ ਅਪਰੈਲ 1979 ਵਿਚ ਇਕ ਸਾਜ਼ਿਸ਼ ਵਿਚ ਫਸਾ ਕੇ ਜਨਰਲ ਜ਼ਿਆ ਨੇ ਫਾਂਸੀ ਦੇ ਦਿੱਤੀ ਸੀ।

ਇਹ ਸਮਾਰੋਹ ਸਾਰੇ ਦੇਸ਼ ਵਿਚ ਮਨਾਏ ਜਾਣ ਦੀ ਖਬਰ ਹੈ। ਇਸੇ ਦੌਰਾਨ ਸੈਂਕੜੇ ਕਾਲਜਾਂ ਦੇ ਵਿਦਿਆਰਥੀ ਛੱਡੇ ਗਏ ਹਨ ਜੋ ਜ਼ਿਆ ਸਮੇਂ ਜੇਲ੍ਹਾਂ ਵਿਚ ਡੱਕੇ ਗਏ ਸਨ।

- ਮੈਜਿਸਟਰੇਟ - ਤੂੰ ਤਾਂ ਕਹਿਦਾ ਹੈਂ ਕਿ ਤੂੰ ਕੇਵਲ ਦਸਤਾਨਾ ਹੀ ਵਗਾਹ ਕੇ ਉਸਦੇ ਮੂੰਹ ਤੇ ਮਾਰਿਆ ਸੀ। ਜੇ ਇਹ ਸਚ ਹੈ ਤਾਂ ਸਵਾਲ ਇਹ ਹੈ ਕਿ ਚਮੜੇ ਦੇ ਦਸਤਾਨੇ ਨਾਲ ਉਸਦੇ ਦੰਦ ਕਿਵੇਂ ਟੁੱਟ ਗਏ।

  ਮੁਲਜ਼ਮ — ਜਨਾਬ ਹੋ ਸਕਦਾ ਹੈ ਕਿ ਮੈਂ ਦਸਤਾਨੇ ਵਿਚੋਂ ਆਪਣਾ ਮੁੱਕਾ ਬਾਹਰ ਕੱਢਣਾ ਭੁੱਲ ਗਿਆ ਹੋਵਾਂ।

---

- ਮੈਜਿਸਟਰੇਟ-ਸਾਬਤ ਹੋ ਚੁੱਕਾ ਹੈ ਕਿ ਸਾਰੀਆ ਚੀਜ਼ਾਂ ਤੂੰ ਹੀ ਚੁਰਾਈਆਂ ਸਨ ਕਿਉਂਕਿ ਉਹਨਾਂ ਤੇ ਤੇਰੀਆ ਉਂਗਲਾਂ ਦੇ ਨਿਸ਼ਾਨ ਮੌਜੂਦ ਹਨ।

  ਮੁਲਜ਼ਮ-ਮੇਰੀਆਂ ਉਂਗਲਾ ਦੇ ਨਿਸ਼ਾਨ ? ਭਲਾ ਇਹ ਕਿਵੇਂ ਸੰਭਵ ਹੋ ਸਕਦਾ ਹੈ ਕਿਉਂਕਿ ਉਸ ਸਮੇਂ ਤਾਂ ਮੈਂ ਦਸਤਾਨੇ ਪਾਏ ਹੋਏ ਸਨ।

# ‘ਗੋਲੀ ਨਾਲ ਨਹੀਂ ਮਰਿਆ, ਦਲਦਲ ’ਚੋਂ ਵੀ ਬਚ ਜਾਵਾਂਗਾ’

## ਅਤਿਵਾਦੀਆਂ ਤੋਂ ਬਚੇ ਬੱਸ ਮੁਸਾਫਿਰ ਜਸਪਾਲ ਸਿੰਘ ਦੀ ਦਾਸਤਾਨ

ਫਰੀਦਕੋਟ — ਦਹਿਸ਼ਤਪਸੰਦਾਂ ਵਲੋਂ ਪੱਟੀ ਤੋਂ ਚੰਡੀਗੜ੍ਹ ਜਾ ਰਹੀ ਪੰਜਾਬ ਰੋਡਵੇਜ਼ ਦੀ ਬੱਸ ਵਿਚੋਂ ਅਗਵਾ ਕੀਤਾ ਗਿਆ ਜਸਪਾਲ ਸਿੰਘ ਕਈ ਘੰਟੇ ਮੰਡ ਇਲਾਕੇ ਵਿਚ ਦਲ ਦਲ ਵਿਚ ਫਸਿਆ ਰਿਹਾ ਅਤੇ ਸੀ ਆਰ ਪੀ ਤੇ ਬੀ ਐਸ ਐਫ ਦੀਆਂ ਟੁਕੜੀਆਂ ਨੇ ਉਸ ਨੂੰ ਆ ਕੇ ਬਚਾਇਆ।

ਦਹਿਸ਼ਤਗਰਦਾਂ ਦੀਆਂ ਗੋਲੀਆਂ ਲਗਣ ਦੇ ਬਾਵਜੂਦ ਬਚਣ ਵਾਲਿਆਂ ਵਿਚੋਂ ਪੱਟੀ ਦੇ ਜਸਪਾਲ ਸਿੰਘ ਨੂੰ ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਚ ਭਰਤੀ ਕੀਤਾ ਗਿਆ ਹੈ ਜਦ ਕਿ ਦੂਸਰਾ ਜ਼ਖਮੀ ਦਰਸ਼ਨ ਲਾਲ, ਸੀ. ਐਮ. ਸੀ. ਹਸਪਤਾਲ ਲੁਧਿਆਣਾ ਵਿਚ ਭਰਤੀ ਕੀਤਾ ਗਿਆ ਹੈ।

ਜਸਪਾਲ ਸਿੰਘ ਨੇ ਦੱਸਿਆ ਕਿ ਬਸ ਵਿਚੋਂ ਉਤਾਰਨ ਮਗਰੋਂ ਉਹ ਉਨ੍ਹਾਂ ਨੂੰ ਕੁਝ ਦੂਰ ਪੈਦਲ ਲੈ ਕੇ ਗਏ ਅਤੇ ਉਥੋਂ ਇਕ ਕਿਸ਼ਤੀ ਰਾਹੀਂ ਸਾਰਿਆਂ ਨੂੰ ਮੰਡ ਦੇ ਇਲਾਕੇ ਵਿਚ ਲੈ ਗਏ। ਦਹਿਸ਼ਤਗਰਦਾਂ ਨੇ ਉਨ੍ਹਾਂ ਨੂੰ ਦੁਪਹਿਰ ਤੇ ਰਾਤ ਨੂੰ ਚੰਗਾ ਭੋਜਨ ਖਾਣ ਨੂੰ ਦਿੱਤਾ ਬਲਕਿ ਰਾਤ ਨੂੰ ਸੌਣ ਲਈ ਗਰਮ ਬਿਸਤਰੇ ਵੀ ਦਿੱਤੇ। ਸਵੇਰੇ ਸਾਰਿਆਂ ਨੂੰ ਜਦੋਂ ਚਾਹ ਪਿਲਾਈ ਜਾ ਰਹੀ ਸੀ ਤਾਂ ਦਹਿਸ਼ਤਗਰਦਾਂ ਨੇ ਮਹਿਸੂਸ ਕੀਤਾ ਕਿ ਉਹ ਸੁਰੱਖਿਆ ਦਸਤਿਆਂ ਦੇ ਘੇਰੇ ਵਿਚ ਆ ਗਏ ਹਨ।

ਉਨ੍ਹਾਂ ਨੇ ਸਾਰੇ ਬੰਦਕਾਂ ਨੂੰ ਭਰੋਸਾ ਦਿੱਤਾ ਕਿ ਕਿਸ਼ਤੀ ਆਉਣ ’ਤੇ ਸਾਰਿਆਂ ਨੂੰ ਬਾਹਰ ਭੇਜ ਦਿੱਤਾ ਜਾਵੇਗਾ। ਪ੍ਰੰਤੂ ਇਹ ਬੰਦਕਾਂ ਦੀ ਬਦਕਿਸਮਤੀ ਹੀ ਕਹੀ ਜਾਵੇਗੀ ਕਿ ਕਿਸ਼ਤੀ ਨਹੀਂ ਆਈ।

ਜਸਪਾਲ ਸਿੰਘ ਅਨੁਸਾਰ ਜਦੋਂ ਕਾਫੀ ਦੇਰ ਤਕ ਕਿਸ਼ਤੀ ਨਾ ਆਈ ਤਾਂ ਦਹਿਸ਼ਤਪਸੰਦਾਂ ਨੇ ਉਨ੍ਹਾਂ ਨੂੰ ਦੂਸਰੇ ਪਾਸੇ ਮੂੰਹ ਕਰਨ ਲਈ ਕਿਹਾ ਤੇ ਕੁਝ ਦੂਰੋਂ ਜਾ ਕੇ ਗੋਲੀਆਂ ਮਾਰ ਦਿੱਤੀਆਂ। ਉਸ ਨੇ ਦੱਸਿਆ ਕਿ ਗੋਲੀ ਲਗਣ ਮਗਰੋਂ ਜਦੋਂ ਉਹ ਪਾਣੀ ਪੀਣ ਲਈ ਅਗੇ ਵਧਿਆ ਤਾਂ ਦਲਦਲ ਵਿਚ ਫਸ ਗਿਆ। ਉਹ ਕਈ ਘੰਟੇ ਦਲਦਲ ਵਿਚ ਫਸਿਆ ਰਿਹਾ। ਉਸ ਨੇ ਜ਼ਿੰਦਗੀ ਦੀ ਆਸ ਛੱਡ ਦਿੱਤੀ ਸੀ। “ਇਕੋ ਗੱਲ ਰਹਿ ਰਹਿ ਕੇ ਮੇਰੇ ਦਿਮਾਗ ਵਿਚ ਆਉਂਦੀ ਸੀ ਕਿ ਜੇ ਗੋਲੀ ਤੋਂ ਬਚ ਗਿਆ ਹਾਂ ਤਾਂ ਇਸ ਦਲਦਲ ’ਚੋਂ ਵੀ ਨਿਕਲਣ ਦਾ ਰਾਹ ਨਿਕਲ ਆਵੇਗਾ। ਕੁਝ ਦੇਰ ਮਗਰੋਂ ਹੀ ਸੁਰੱਖਿਆ ਦਸਤਿਆਂ ਦੇ ਪੈਰਾਂ ਦੀ ਬਿੜਕ ਨੇ ਦਿਲ ਵਿਚ ਆਸ ਦੀ ਕਿਰਨ ਜਗਾ ਦਿੱਤੀ ਤੇ ਮੈਂ ‘ਬਚਾਓ ਬਚਾਓ’ ਚਿਲਾਉਣਾ ਸ਼ੁਰੂ ਕਰ ਦਿੱਤਾ।”

ਜਸਪਾਲ ਸਿੰਘ ਨੂੰ ਸੁਰੱਖਿਆ ਦਸਤਿਆਂ ਨੇ ਦਲਦਲ ਵਿਚੋਂ ਕੱਢਿਆ ਅਤੇ ਮੁਢਲੀ ਸਹਾਇਤਾ ਮਗਰੋਂ ਫਰੀਦਕੋਟ ਪਹੁੰਚਾਇਆ।

ਇਸੇ ਦੌਰਾਨ ਫਰੀਦਕੋਟ ਦੇ ਡਿਪਟੀ ਕਮਿਸ਼ਨਰ ਵਿਜੈ ਕੈਨ ਅਤੇ ਸੀਨੀਅਰ ਪੁਲੀਸ ਕਪਤਾਨ ਐਸ. ਕੇ. ਸ਼ਰਮਾ ਨੇ ਹਸਪਤਾਲ ਦਾ ਦੌਰਾ ਕੀਤਾ ਤੇ ਜਸਪਾਲ ਸਿੰਘ ਦਾ ਹਾਲ ਚਾਲ ਪੁੱਛਿਆ। ਉਨ੍ਹਾਂ ਇਲਾਜ ਕਰ ਰਹੇ ਡਾਕਟਰਾਂ ਨੂੰ ਹਦਾਇਤ ਕੀਤੀ ਕਿ ਜਸਪਾਲ ਸਿੰਘ ਦੇ ਇਲਾਜ ਦਾ ਸਾਰਾ ਖਰਚਾ ਜ਼ਿਲਾ ਰੈਡ ਕਰਾਸ ਵਿਚੋਂ ਦਿੱਤਾ ਜਾਵੇ।

→

ਜਿਥੇ ਇੰਗਲੈਂਡ ਵਾਸੀਆਂ ਨੇ ਕਾਫੀ ਮਦਦ ਦਿੱਤੀ ਹੈ ਉਥੇ ਕੈਨੇਡਾ ਵਾਸੀਆਂ ਨੂੰ ਅਪੀਲ ਕਰਦੇ ਹਾਂ ਕਿ ਇਸ ਕੰਮ ਲਈ ਆਪਣਾ ਯੋਗਦਾਨ ਪਾਓ ਜੀ। ਥੱਲੇ ਦਿੱਤੇ ਵੇਰਵੇ ਮੁਤਾਬਕ ਅਜੇ ਖਰਚ 50 ਹਜ਼ਾਰ ਦਾ ਹੋਣਾ ਬਾਕੀ ਹੈ। ਤੁਸੀਂ ਹੰਭਲਾ ਮਾਰ ਕੇ ਮਾਇਆ ਘੱਲਣ ਦੀ ਖੇਚਲ ਕਰਨੀ ਜੀ। ਇਨ੍ਹਾਂ ਕੰਮਾਂ ਵਾਸਤੇ ਪਿੰਡ ਵਿਚ ਗੁਰਦੁਆਰੇ ਵਲੋਂ ਇਕ ਕਮੇਟੀ ਬਣ ਚੁਕੀ ਹੈ ਜੋ ਇਹ ਸਾਰੇ ਕੰਮ ਸਕੂਲ, ਗੁਰਦੁਆਰਾ ਆਦਿ ਦੇ ਕੰਮ ਕਰਦੀ ਹੈ ਅਤੇ ਸਾਰਾ ਹਿਸਾਬ ਕਿਤਾਬ ਰੱਖਿਆ ਜਾਂਦਾ ਹੈ। ਤੁਹਾਡੇ ਵਲੋਂ ਭੇਜੀ ਮਾਇਆ ਦੇ ਖਰਚੇ ਦੀ ਤਫਸੀਲ ਆਪ ਨੂੰ ਬਾਅਦ ਵਿਚ ਘੱਲੀ ਜਾਵੇਗੀ।

ਵੇਰਵਾ ਖਰਚ ਅੰਦਾਜ਼ਨ ਲਾਗਤ

| | | |
|---|---|---|
| 1. | ਸੰਸਕਾਰ ਸ਼ੈਡ ਜੋ ਬਣ ਚੁਕੀ ਹੈ | 15000/- |
| 2. | ਮੀਂਹ ਕਣੀ ਵਿਚ ਬੈਠਣ ਵਾਸਤੇ (ਵੇਟਿੰਗ ਸ਼ੈਡ) | 15000/- |
| 3. | ਚਾਰ-ਦੀਵਾਰੀ ਅਤੇ ਗੇਟ | 20000/- |
| 4. | ਸੜਕ (ਪਿੰਡ ਵਾਲੀ ਫਿਰਨੀ ਤੋਂ ਮਸਾਣਾਂ ਤੱਕ) 600 ਫੁਟ ਲੰਬੀ, ਇੱਟਾਂ ਵਿਛਾਉਣ ਲਈ | 10000/- |
| | ਕੁੱਲ | 60000/- |

ਤੁਹਾਡਾ ਆਪਣਾ ਵੀਰ
ਤਾਰਾ ਸਿੰਘ (ਰਿ: ਇੰਜ:)
ਪਿੰਡ ਤੇ ਡਾਕ: ਰਾਏਪੁਰ ਡੱਬਾ,
ਤਹਿ: ਨਵਾਂ ਸ਼ਹਿਰ, ਜ਼ਿਲਾ ਜਲੰਧਰ।

ਨੋਟ : ਇਹ ਚਿੱਠੀ ਰਾਏਪੁਰ ਡੱਬਾ ਦੇ ਨਿਵਾਸੀਆਂ ਲਈ ਕਰਨੈਲ ਸਿੰਘ ਲੱਲੀਆਂ ਨੂੰ ਭੇਜੀ ਗਈ ਹੈ। ਉਨ੍ਹਾਂ ਵਲੋਂ ਬੇਨਤੀ ਹੈ ਕਿ ਉਪਰੋਕਤ ਪਿੰਡ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਖੁਲ੍ਹ ਕੇ ਦਾਨ ਦਿਓ। ਇਹ ਬੇਨਤੀ ਸਿਰਫ ਰਾਏਪੁਰ ਡੱਬਾ ਨਿਵਾਸੀਆਂ ਲਈ ਹੀ ਹੈ। ਇਸ ਤੋਂ ਪਹਿਲਾਂ ਇਸ ਨਗਰ ਦੇ ਲੋਕਾਂ ਨੇ ਕੈਨੇਡਾ ਵਿਚੋਂ ਸਹਾਇਤਾ ਭੇਜ ਕੇ ਪਿੰਡ ਵਿਚ ਸਕੂਲ ਤੇ ਲਾਇਬਰੇਰੀ ਵੀ ਬਣਵਾਈ ਹੈ।

# ਰੇਅ ਵਲੋਂ ਦਰਸ਼ਨ ਸਿੰਘ ਦੇ ਬਿਆਨ ਦੀ ਸ਼ਲਾਘਾ



ਸਾਹਿਬਜ਼ਾਦਾ ਅਜੀਤ ਸਿੰਘ ਨਗਰ — ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਪ੍ਰੋ: ਦਰਸ਼ਨ ਸਿੰਘ ਦੇ ਉਸ ਬਿਆਨ ਦੀ ਸ਼ਲਾਘਾ ਕੀਤੀ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ “ਦਹਿਸਤਗਰਦ ਸਿੱਖ ਨਹੀਂ ਹਨ।” ਪ੍ਰੋ: ਦਰਸ਼ਨ ਸਿੰਘ ਨੇ ਇਹ ਗੱਲ 25 ਦਸੰਬਰ ਨੂੰ ਸੁਰਜੀਤ ਸਿੰਘ ਬਰਨਾਲਾ ਨੂੰ ਪੰਥ ਵਿਚ ਸ਼ਾਮਲ ਕੀਤੇ ਜਾਣ ਸਮੇਂ ਕਹੀ ਸੀ।

ਇਥੇ ਇਕ ਸਮਾਰੋਹ ਵਿਚ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਪ੍ਰੋ: ਦਰਸ਼ਨ ਸਿੰਘ ਨੇ ਅਸਲ ਵਿਚ ਉਨ੍ਹਾਂ (ਸ੍ਰੀ ਰੇਅ) ਦੇ ਸਟੈਂਡ ਦੀ ਹੀ ਪ੍ਰੋੜ੍ਹਤਾ ਕੀਤੀ ਹੈ ਕਿ ਦਹਿਸ਼ਤਗਰਦਾਂ ਦਾ ਕੋਈ ਧਰਮ ਨਹੀਂ ਹੈ ਅਤੇ ਉਹ ਸਾਧਾਰਨ ਅਪਰਾਧੀ ਹਨ। ਅਕਾਲੀ ਦਲਾਂ ਨੂੰ ਵੀ ਚਾਹੀਦਾ ਹੈ ਕਿ ਉਹ ਪ੍ਰੋ: ਦਰਸ਼ਨ ਸਿੰਘ ਵਲੋਂ ਦਰਸਾਏ ਰਾਹ ’ਤੇ ਚੱਲਣ ਅਤੇ ਇਸ ਤਰ੍ਹਾਂ ਦਾ ਹੀ ਬਿਆਨ ਜਾਰੀ ਕਰਨ। ਇਸ ਦੇ ਨਾਲ ਹੀ ਉਨ੍ਹਾਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਪ੍ਰੋ: ਦਰਸ਼ਨ ਸਿੰਘ ਦੇ ਬਿਆਨ ਦੀ ਪ੍ਰੋੜ੍ਹਤਾ ਕਰਨ।

ਸ੍ਰੀ ਰੇਅ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰ ਵਿਚਕਾਰ ਸੰਬੰਧ ਹੁਣ “ਸੁਖਾਵੇਂ ਅਤੇ ਤਸੱਲੀਬਖਸ਼” ਹਨ ਅਤੇ ਸਰਕਾਰ ਤੇ ਸ਼੍ਰੋਮਣੀ ਕਮੇਟੀ ’ਚ ਕੋਈ ਤਣਾਅ ਨਹੀਂ।

# ਨੌਜਵਾਨ ਗ੍ਰਿਫਤਾਰ

ਸ੍ਰੀਨਗਰ — ਦੱਖਣੀ ਕਸ਼ਮੀਰ ਦੇ ਆਨੰਤਨਾਗ ਜ਼ਿਲੇ ਵਿਚ ਕਸ਼ਮੀਰ ਪੁਲੀਸ ਨੇ ਪਾਕਿਸਤਾਨ ਤੋਂ ਸਿਖਲਾਈ ਪ੍ਰਾਪਤ ਚਾਰ ਨੌਜਵਾਨਾਂ ਅਤੇ ਉਨ੍ਹਾਂ ਨੂੰ ਪਨਾਹ ਦੇਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਉਸ ਮੁਹਿੰਮ ਦੌਰਾਨ ਫੜੇ ਗਏ ਜਿਹੜੀ ਕਸ਼ਮੀਰ ਪੁਲੀਸ ਨੇ ਇਥੇ ਛੁਪੇ ਪਾਕਿਸਤਾਨ ਤੋਂ ਸਿਖਲਾਈ ਪ੍ਰਾਪਤ ਨੌਜਵਾਨਾਂ ਨੂੰ ਫੜਨ ਲਈ ਚਲਾਈ ਹੈ।

ਇਕ ਪੁਲੀਸ ਬੁਲਾਰੇ ਅਨੁਸਾਰ ਇਹ ਗ੍ਰਿਫਤਾਰੀਆਂ ਇਸ ਜ਼ਿਲੇ ਅੰਦਰ ਦਹਿਸ਼ਤਗਰਦਾਂ ਦੀ ਇਕ ਛੁਪਣਗਾਹ ਉਤੇ ਮਾਰੇ ਗਏ ਛਾਪੇ ਦੌਰਾਨ ਹੋਈਆਂ।


INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
#5 - 7307 King George Hwy, Surrey,
B.C. V3W 5A8

C.S. Mangat
(Ex. Bank Manager)

594-5711 594-2254



FOR ALL YOUR REAL ESTATE NEEDS
BUYING OR SELLING

ਹਰਦੇਵ ਸਿੰਘ ਗਿੱਲ

ਹਰਦੇਵ ਸਿੰਘ ਗਿੱਲ ਜੋ ਕਿ ਪੰਜਾਬੀ ਮਾਰਕੀਟ ਵਿੱਚ ਅੱਠ ਸਾਲਾਂ ਤੋਂ ਐਸ.ਐਂਡ ਐਸ. ਇਨਸ਼ੋਰੈਂਸ ਕੰਪਨੀ ਦੇ ਨਾਲ ਤੁਹਾਡੀਆਂ ਇਨਸ਼ੋਰੈਂਸ ਸਬੰਧੀ ਸੇਵਾਵਾਂ ਕਰਦੇ ਆ ਰਹੇ ਹਨ। ਹੁਣ ਉਹ ਖੁਸ਼ੀ ਨਾਲ ਐਲਾਨ ਕਰਦੇ ਹਨ ਕਿ ਉਨ੍ਹਾਂ ਨੇ ਹੁਣ ਰੀਅਲ ਸਟੇਟ ਦਾ ਕੰਮ ਸ਼ੁਰੂ ਕੀਤਾ ਹੈ ਉਹ ਆਪਣੇ ਦੋਸਤਾਂ ਮਿੱਤਰਾਂ ਅਤੇ ਸੱਜਣਾ ਦੀਆਂ ਹਰ ਤਰਾਂ ਦੀਆਂ ਰੀਅਲ ਸਟੇਟ ਸਬੰਧੀ ਲੋੜਾਂ ਪੂਰੀਆਂ ਕਰਨਗੇ।

ਕੋਈ ਵੀ ਜਾਇਦਾਦ, ਨਵੀਂ ਜਾਂ ਪੁਰਾਣੀ ਖਰੀਦਣ ਜਾਂ ਵੇਚਣ ਲਈ
ਕਿਸੇ ਵੀ ਟਾਈਮ ਫੋਨ ਕਰੋ

ਹਰਦੇਵ ਸਿੰਘ ਗਿੱਲ



Hardev Singh Gill
Bus.: 434-1431
Res.: 325-5485

MULTIPLE REALTY LTD.

Bus. (604) 434-1431 Res. (604) 325-5485
2837 Kingsway , Vancouver B.C. V5R 5H9

Sutton GROUP

ਪ੍ਰਾਪਰਟੀ ਇਨਵੈਸਟਮੈਂਟ

ਲਈ ਸਲਾਹ ਲੈਣੀ ਹੋਵੇ

ਆਪਣਾ ਘਰ ਟਰੇਡ ਕਰਕੇ ਨਵਾਂ ਲੈਣਾ ਹੋਵੇ

ਤਾਂ

**ਆਲਮਜੀਤ ਤੱਖਰ**

ਨੂੰ ਫ਼ੋਨ ਕਰੋ :

**ਦਫ਼ਤਰ - 581-1211**

**ਘਰ - 591-8823**



For Property Investment

Or Trade-In

**Phone Alan Takhar**

**Bus: 581-1211**

**Res: 591-8823**

**SUTTON GROUP MEDALLION REALTY**

#1 - 9200 - 120 St., Surrey, B.C. V3V 4B7

"FOR ALL YOUR PRINTING NEEDS"

**dhannu printing co. ltd.**

Printers □ Lithographers

**English Wedding Cards and other Printing at reasonable rates**

**ਧੰਨੂ ਪ੍ਰਿੰਟਿਗ ਕੰਪਨੀ ਲਿਮਿ:**

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹਰ ਕਿਸਮ ਦੀ ਪ੍ਰਿੰਟਿਗ ਲਈ ਫ਼ੋਨ ਕਰੋ ਜਾਂ ਦਰਸ਼ਨ ਦਿਓ

ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ

ਵਾਜਬ ਕੀਮਤਾਂ — ਵਧੀਆ ਕੁਆਲਿਟੀ

**Ph. Bus. 585-2004 Res. 585-7916**

10281 - 133A St., SURREY, B.C. V3T 4A1

ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

London From $548^{00}$ Toronto From $299^{00}$



*AUTHORIZED AGENTS FOR:*

AIR CANADA
BRITISH AIRWAYS
CATHAY PACIFIC
CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES

ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

Prices are subject to change without notice

**BAINS TRAVEL SERVICE**

**6364 Fraser Street, Vancouver, B.C. Ph. 324-2277**

**935 Marine Drive Capilano Mall, N. Vancouver**

**1710 Douglas St. Victoria, B.C. Ph. 386-6363**

- ਬੇਨਜ਼ੀਰ ਭੁੱਟੋ 'ਹੱਜ' ਦੀ ਯਾਤਰਾ ਲਈ ਸਾਊਦੀ ਅਰਬੀਆ ਵਿਚ ।

## MATRIMONIAL

Suitable Match for Jat Sikh girl 27, 5'6" tall, pretty, software specialist, employed.

ਜੱਟ ਸਿੱਖ ਘਰਾਣੇ ਦੀ ਲੜਕੀ ਲਈ ਵਰ ਦੀ ਲੋੜ ਹੈ । ਲੜਕੀ ਦੀ ਉਮਰ 27 ਸਾਲ ਹੈ, ਕੱਦ 5 ਫੁੱਟ 6 ਇੰਚ ਹੈ । ਲੜਕੀ ਖੂਬਸੂਰਤ ਹੈ । ਕੰਪਿਊਟਰ ਦੀ ਸਪੈਸ਼ਲਿਸਟ ਹੈ ਤੇ ਚੰਗੀ ਤਨਖਾਹ ਲੈਂਦੀ ਹੈ ।

ਖਤ ਇਸ ਪਤੇ ਤੇ ਲਿਖੋ :

KSD - 202
C/o CANADA DARPAN
P.O.BOX 265
SURREY, B.C. V3T 4W8

## ਗ੍ਰੰਥੀ ਦੀ ਲੋੜ

ਮਕੈਂਜੀ ਸਿੱਖ ਸੁਸਾਇਟੀ ਲਈ ਗ੍ਰੰਥੀ ਦੀ ਲੋੜ ਹੈ । ਕਥਾ, ਕੀਰਤਨ ਜਾਣਦਾ ਹੋਵੇ ਤੇ ਸਿਖਾ ਸਕਦਾ ਹੋਵੇ । ਬੱਚਿਆਂ ਨੂੰ ਪੰਜਾਬੀ ਸਿਖਾ ਸਕੇ, ਉਮਰ 45 ਸਾਲ ਤੋਂ ਉਪਰ ਹੋਵੇ । ਕੈਨੇਡਾ ਦਾ ਇਮੀਗਰੈਂਟ ਜਾਂ ਸਿਟੀਜ਼ਨ ਹੋਵੇ । ਵਿਜ਼ਟਰ ਬਾਰੇ ਵੀ ਸੋਚਿਆ ਜਾ ਸਕਦਾ ਹੈ । ਤਨਖਾਹ ਯੋਗਤਾ ਮੁਤਾਬਕ ਦਿੱਤੀ ਜਾਵੇਗੀ । ਇਸ ਬਾਰੇ ਗੱਲਬਾਤ ਕਰੋ :

**ਬਲਬੀਰ ਸਿੰਘ ਨਾਗਰਾ**
(604) 997-6994

ਜਾਂ

**ਹਰਬੰਸ ਸਿੰਘ ਰਾਏ - 997-3567**

ਚਿੱਠੀ ਲਿਖਣ ਦਾ ਪਤਾ :

Mackenzie Sikh Society
Box 2407
Mackenzie, B.C. V0J 2C0

**ਜਾਇਦਾਦ ਖ਼ੀਦਣੀ ਜਾਂ ਵੇਚਣੀ ਚਾਹੁੰਦੇ ਹੋ ?**



ਭੂਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ । ਅਸੀਂ ਤੁਹਾਨੂੰ ਅੱਛੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

**ਭੂਪਿੰਦਰ ਸਿੰਘ ਸੋਢੀ**

**PH. Bus. 437-9431**
**Res. 434-8987**

**UNITED REALTY**

2443 Kingsway, Vancouver, B.C. V5R 5G8

# ਅਮਰੀਕਾ, ਪਾਕਿਸਤਾਨ ਨੂੰ ਹੁਣ ਜਿੰਨੀ ਮਦਦ ਹੀ ਜਾਰੀ ਰੱਖੇਗਾ

ਵਾਸ਼ਿੰਗਟਨ — ਅਫਗਾਨਿਸਤਾਨ ਵਿਚੋਂ ਰੂਸੀ ਫੌਜਾਂ ਦੀ ਵਾਪਸੀ ਹੋ ਜਾਣ ਦੇ ਪਿਛੋਂ ਵੀ ਅਮਰੀਕਾ, ਪਾਕਿਸਤਾਨ ਨੂੰ ਹੁਣ ਜਿੰਨੀ ਮੱਦਦ ਜਾਰੀ ਰੱਖੇਗਾ। ਰੂਸੀ ਫੌਜਾਂ ਦੀ ਵਾਪਸੀ ਲਈ 15 ਫਰਵਰੀ ਦੀ ਤਰੀਕ ਨਿਸ਼ਚਿਤ ਕੀਤੀ ਗਈ ਹੈ। ਰੂਸ ਵਲੋਂ ਅਫਗਾਨਿਸਤਾਨ ਵਿਚ ਫੌਜਾਂ ਭੇਜਣ ਦੇ 9 ਸਾਲ ਪੂਰੇ ਹੋ ਜਾਣ ਦੇ ਮੌਕੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮਰੀਕਾ ਦੇ ਵਿਦੇਸ਼ ਮੰਤਰਾਲੇ ਵਿਚ ਸਥਿਤ ਅਫਗਾਨ ਮਾਮਲਿਆਂ ਦੇ ਡਾਇਰੈਕਟਰ ਪੀ ਰਾਬਰਟ ਨੇ ਕਿਹਾ ਕਿ ਪਾਕਿਸਤਾਨ ਨੂੰ ਫੌਜੀ ਸਹਾਇਤਾ ਨਾਲੋਂ ਆਰਥਿਕ ਮੱਦਦ ਵਧੇਰੇ ਦਿੱਤੀ ਜਾਇਆ ਕਰੇਗੀ।

ਉਨ੍ਹਾਂ ਦੱਸਿਆ ਕਿ ਇਸ ਵੇਲੇ ਆਰਥਿਕ ਮਦਦ 53 ਪ੍ਰਤੀਸ਼ਤ ਹੈ ਅਤੇ ਫੌਜੀ ਮਦਦ 43 ਪ੍ਰਤੀਸ਼ਤ ਹੈ। ਹੋ ਸਕਦਾ ਹੈ ਕਿ ਆਰਥਿਕ ਮਦਦ 64 ਪ੍ਰਤੀਸ਼ਤ ਤਕ ਹੋ ਜਾਵੇ। ਉਨ੍ਹਾਂ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੇਨਜ਼ੀਰ



ਸਰਕਾਰ ਨੇ ਪ੍ਰਣ ਕੀਤਾ ਹੈ ਕਿ ਪਾਕਿਸਤਾਨ, ਅਫਗਾਨਿਸਤਾਨ ਬਾਰੇ ਆਪਣੀ ਮੌਜੂਦਾ ਨੀਤੀ ਜਾਰੀ ਰੱਖੇਗਾ ਜਿਸ ਮੁਤਾਬਿਕ ਪਾਕਿਸਤਾਨ, ਮੁਜਾਹਦੀਨ ਨੂੰ ਅਮਰੀਕੀ ਹਥਿਆਰ ਪਹੁੰਚਾਉਣ ਲਈ ਇਕ ਵਸੀਲੇ ਵਜੋਂ ਕੰਮ ਕਰਦਾ ਰਿਹਾ ਹੈ

ਇਸੇ ਦੌਰਾਨ ਅਮਰੀਕਾ ਨੇ ਸੰਕੇਤ ਦਿੱਤਾ ਹੈ ਕਿ ਭਾਰਤ ਦੀ ਅਫਗਾਨ ਨੀਤੀ ਵਿਚ ਤਬਦੀਲੀ ਆਈ ਹੈ। ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਦੱਸਿਆ ਹੈ ਕਿ ਭਾਰਤ ਨੇ ਨਜੀਬਉਲਾ ਦੀ ਹਮਾਇਤ ਵਿਚ ਕੋਈ ਤਕੜਾ ਸੰਕੇਤ ਨਹੀਂ ਕੀਤਾ। ਲਗਦਾ ਹੈ ਕਿ ਹੁਣ ਭਾਰਤ ਸਰਕਾਰ ਇਸ ਗੱਲ ਦੀ ਉਡੀਕ ਵਿਚ ਹੈ ਕਿ ਸੱਤਾ ਉਤੇ ਹੁਣ ਕੌਣ ਕਾਬਜ਼ ਹੁੰਦਾ ਹੈ।

# ਜਾਰਜ ਬੁਸ਼ ਦੀ ਕੈਬਨਿਟ ਮੁਕੰਮਲ

ਵਾਸ਼ਿੰਗਟਨ — ਅਮਰੀਕਾ ਦੇ ਮਨੋਨੀਤ ਪ੍ਰਧਾਨ ਜਾਰਜ ਬੁਸ਼, ਜਿਨ੍ਹਾਂ ਨੇ 20 ਜਨਵਰੀ ਨੂੰ ਰੋਨਾਲਡ ਰੀਗਨ ਦੇ ਕੋਲੋਂ ਚਾਰਜ ਸੰਭਾਲਣਾ ਹੈ, ਨੇ ਆਪਣਾ ਮੰਤਰੀ ਮੰਡਲ ਲਗਪਗ ਮੁਕੰਮਲ ਕਰ ਲਿਆ ਹੈ ਤੇ ਇਸ ਵਿਚ ਜੇਤੂ ਰੀਪਬਲਿਕਨ ਪਾਰਟੀ ਦੇ ਹਰ ਵਿਚਾਰਧਾਰਾ ਦੇ ਮੈਂਬਰਾਂ ਨੂੰ ਸ਼ਾਮਲ ਕਰ ਲਿਆ ਹੈ ਜਾਰਜ ਬੁਸ਼ ਨੇ ਆਪਣੇ ਵਿਰੋਧੀ ਜੈਕ ਕੈਂਪ ਨੂੰ ਵੀ ਹਾਊਸਿੰਗ ਤੇ ਸ਼ਹਿਰੀ ਵਿਕਾਸ ਮੰਤਰਾਲੇ ਦਾ ਮੰਤਰੀ ਬਣਨ ਲਈ ਰਾਜ਼ੀ ਕਰ ਲਿਆ ਹੈ।

ਰਾਜਸੀ ਅਬਜ਼ਰਵਰਾਂ ਅਨੁਸਾਰ ਜਾਰਜ ਬੁਸ਼ ਨੇ ਸੁਘੜ ਤੇ ਤਜਰਬਾਕਾਰ ਨੀਤੀਵਾਨ ਅਲਿਜ਼ਬੈਥ ਡੌਲ ਨੂੰ ਸ਼ਾਮਲ ਕਰਕੇ ਇਕ ਤੀਰ ਨਾਲ ਦੋ ਸ਼ਿਕਾਰ ਕੀਤੇ ਹਨ। ਅਲਿਜ਼ਬੈਥ ਦੇ ਪਤੀ ਰਾਬਰਟ ਡੌਲ ਨੇ ਰਾਸ਼ਟਰਪਤੀ ਬੁਸ਼ ਦੀ ਚੋਣ ਲਈ ਨਾਮਜ਼ਦਗੀ ਨੂੰ ਚੁਣੌਤੀ ਦਿੱਤੀ ਸੀ ਅਤੇ ਬੁਸ਼ ਦੁਆਰਾ ਚੋਣ ਜਿੱਤ ਲਏ ਜਾਣ ਤੋਂ ਪਿਛੋਂ ਵੀ ਰਾਬਰਟ ਡੌਲ ਵਲੋਂ ਜਾਰਜ ਬੁਸ਼ ਦੀ ਆਲੋਚਨਾ ਜਾਰੀ ਹੈ।

ਸ੍ਰੀਮਤੀ ਡੌਲ ਨੇ ਰਾਸ਼ਟਰਪਤੀ ਤੋਂ ਕੁਝ ਮਹੀਨੇ ਪਹਿਲਾਂ ਹੀ ਰੀਗਨ ਸਰਕਾਰ ਤੋਂ ਅਸਤੀਫਾ ਦਿੱਤਾ ਸੀ ਤਾਂ ਜੋ ਉਹ ਆਪਣੇ ਪਤੀ ਦੇ ਹੱਕ ਵਿਚ ਚੋਣ ਪ੍ਰਚਾਰ ਕਰ ਸਕੇ। ਅਬਜ਼ਰਵਰਾਂ ਦਾ ਕਹਿਣਾ ਹੈ ਕਿ ਸ੍ਰੀਮਤੀ ਡੌਲ ਨੂੰ ਕਿਰਤ ਮੰਤਰੀ ਵਜੋਂ ਸ਼ਾਮਲ ਕੀਤੇ ਜਾਣ ਦਾ ਸਿੱਟਾ ਇਹ ਹੋਵੇਗਾ ਕਿ ਉਸ ਦਾ ਪਤੀ ਰਾਬਰਟ ਡੌਲ ਕਾਫੀ ਜ਼ਿਆਦਾ ਸਹਿਯੋਗੀ ਸਾਬਤ ਹੋਵੇਗਾ।

# ਸਾਂਝੀ ਕਮੇਟੀ ਭਾਰਤ ਚੀਨ ਸਰਹੱਦੀ ਮਾਮਲਿਆਂ ਨੂੰ ਪਹਿਲ ਦੇਵੇਗੀ

ਨਵੀਂ ਦਿੱਲੀ — "ਜਾਇੰਟ ਵਰਕਿੰਗ ਗਰੁੱਪ" ਵਲੋਂ ਭਾਰਤ ਤੇ ਚੀਨ ਦੇ ਆਪਸੀ ਸਰਹੱਦੀ ਮਾਮਲਿਆਂ ਨੂੰ ਹੱਲ ਕਰਨ ਅਤੇ ਸਦਭਾਵੀ ਮਾਹੌਲ ਕਾਇਮ ਕਰਨ ਨੂੰ ਬਾਕੀ ਕੰਮਾਂ ਨਾਲੋਂ ਪਹਿਲ ਦਿੱਤੀ ਜਾਵੇਗੀ। ਸਰਕਾਰੀ ਹਲਕਿਆਂ ਤੋਂ ਇਥੇ ਉਕਤ ਸੰਕੇਤ ਮਿਲੇ ਤੇ ਅਜਿਹੀ ਸੰਭਾਵਨਾ ਦਾ ਪ੍ਰਗਟਾਵਾ ਵੀ ਕੀਤਾ ਗਿਆ ਕਿ ਇਸ ਸਾਲ ਦੇ ਪਹਿਲੇ ਦੋ ਮਹੀਨਿਆਂ ਦੌਰਾਨ ਭਾਰਤ ਦੇ ਵਿਦੇਸ਼ ਸਕੱਤਰ ਕੇ ਪੀ ਐਸ ਮੈਨਨ ਅਤੇ ਚੀਨ ਦੇ ਵਿਦੇਸ਼ ਸਕੱਤਰ ਵਿਚਕਾਰ ਮੀਟਿੰਗ ਹੋਵੇਗੀ। ਤਾਂ ਜੋ "ਜਾਇੰਟ ਵਰਕਿੰਗ ਗਰੁੱਪ" ਬਾਕਾਇਦਾ ਰਸਮੀ ਤੌਰ 'ਤੇ ਆਪਣਾ ਕੰਮ ਆਰੰਭ ਕਰੇ।

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਇਥੇ ਕਿਹਾ ਕਿ "ਵਰਕਿੰਗ ਗਰੁਪ" ਤੇ ਇਸ ਦੇ ਕੰਮਾਂ ਬਾਰੇ ਕੁਝ ਵਿਚਾਰ ਸਾਹਮਣੇ ਆਏ ਹਨ ਪ੍ਰੰਤੂ ਦੋਹਾਂ ਅਧਿਕਾਰੀਆਂ ਦੀ ਮੀਟਿੰਗ ਉਪਰੰਤ ਅਮਲੀ ਕਾਰਵਾਈ ਕੀਤੀ ਜਾਵੇਗੀ। ਪਤਾ ਲੱਗਾ ਹੈ ਕਿ "ਵਰਕਿੰਗ ਗਰੁਪ" ਬਣਾਉਣ ਦਾ ਵਿਚਾਰ ਸ੍ਰੀ ਗਾਂਧੀ ਨੇ ਰੱਖਿਆ ਤੇ ਚੀਨ ਵਲੋਂ ਇਸ ਨੂੰ ਹਾਂ-ਪੱਖੀ ਹੁੰਗਾਰਾ ਮਿਲਿਆ।

ਉਕਤ ਸਰਕਾਰੀ ਹਲਕਿਆਂ ਅਨੁਸਾਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਚੀਨ ਫੇਰੀ ਤੇ ਦੋਹਾਂ ਦੇਸ਼ਾਂ ਦੇ ਆਗੂਆਂ ਦੀ ਗੱਲਬਾਤ ਨੂੰ ਆਪਸੀ ਸੰਬੰਧ ਸੁਧਾਰਨ ਦੇ ਨੁਕਤੇ ਤੋਂ ਕਾਫੀ ਲਾਹੇਵੰਦ ਸਮਝਿਆ ਜਾ ਰਿਹਾ ਹੈ।

# ਪੰਚਾਇਤ ਚੋਣਾਂ ਫਰਵਰੀ 'ਚ ਕਰਵਾਈਆਂ ਜਾਣ-ਗੀਆਂ — ਰੇਅ

ਕਲਕੱਤਾ — ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ ਨੇ ਇਥੇ ਕਿਹਾ ਕਿ ਪੰਜਾਬ 'ਚ ਹਾਲਾਤ ਤੇਜ਼ੀ ਨਾਲ ਸੁਧਰ ਰਹੇ ਹੋਣ ਕਾਰਨ ਫਰਵਰੀ ਵਿਚ ਪੰਚਾਇਤ ਚੋਣਾਂ ਕਰਵਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ 1978 ਤੋਂ ਪਿਛੋਂ ਇਹ ਚੋਣਾਂ ਕਰਵਾਈਆਂ ਹੀ ਨਹੀਂ ਗਈਆਂ। ਉਨ੍ਹਾਂ ਨੇ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਪਿਛਲੇ ਦਸ ਸਾਲਾਂ ਤੋਂ ਕਿਉਂਕਿ ਪੰਚਾਇਤਾਂ ਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਹੀ ਨਹੀਂ ਹੋਈਆਂ, ਇਸ ਲਈ ਪੰਚਾਇਤ ਚੋਣਾਂ ਕਰਵਾਉਣੀਆਂ ਪੰਜਾਬ ਸਰਕਾਰ ਦਾ ਪਹਿਲਾ ਕੰਮ ਹੈ।

ਉਨ੍ਹਾਂ ਦੱਸਿਆ ਕਿ ਪੰਚਾਇਤ ਚੋਣਾਂ ਤੋਂ ਪਿਛੋਂ ਸਰਕਾਰ ਦਾ ਅਗਲਾ ਕੰਮ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣਾ ਹੋਵੇਗਾ। ਸ੍ਰੀ ਰੇਅ ਨੇ ਦੱਸਿਆ ਕਿ ਪੰਜਾਬ ਨੇ ਸਭ ਤੋਂ ਪਹਿਲਾਂ 20 ਨੁਕਾਤੀ ਪ੍ਰੋਗਰਾਮ 'ਤੇ ਅਮਲ ਕਰਵਾਇਆ ਤੇ ਸਹਿਕਾਰੀ ਕਰਜ਼ਿਆਂ ਦੀ ਵਸੂਲੀ ਵਿਚ ਵੀ ਇਹ ਅੱਗੇ ਹੈ।

# ਬੀ. ਸੀ. ਸਰਕਾਰ ਵਲੋਂ ਸ਼ਰਾਬ ਤੇ ਡਰੱਗ ਵਿਰੁੱਧ ਮੁਹਿੰਮ

ਵਿਕਟੋਰੀਆ — 9 ਜਨਵਰੀ ਨੂੰ ਲੇਬਰ ਤੇ ਕਨਜ਼ਿਊਮਰ ਮਨਿਸਟਰ ਲਾਇਲ ਹੈਨਸਨ ਵਲੋਂ ਇਕ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਉਤੇ ਬਾਰਾਂ ਲੱਖ ਡਾਲਰ ਖਰਚੇ ਜਾਣਗੇ। ਇਹ ਮੁਹਿੰਮ ਸੂਬੇ ਵਿਚ ਸ਼ਰਾਬ ਤੇ ਨਸ਼ੀਲੀ ਦੁਆਈਆਂ ਦੀ ਵਰਤੋਂ ਤੋਂ ਲੋਕਾਂ ਨੂੰ ਚੇਤੰਨ ਕਰਵਾਉਣਾ ਹੈ।

ਮੁਹਿੰਮ ਵਿਚ 24 ਘੰਟੇ ਲਈ ਟੋਲ-ਫਰੀ ਲਾਈਨ ਲਾਈ ਗਈ ਹੈ ਤਾਂ ਕਿ ਸ਼ਰਾਬ ਤੇ ਨਸ਼ੀਲੀ ਦਵਾਈਆਂ ਦੀ ਰੋਕਥਾਮ ਲਈ ਜਾਣਕਾਰੀ ਦਿੱਤੀ ਜਾ ਸਕੇ। ਸੂਬੇ ਦੇ ਹਰ ਘਰ ਵਿਚ ਇਨ੍ਹਾਂ ਦੀ ਰੋਕਥਾਮ ਲਈ ਪੈਂਫਲਿਟ ਭੇਜੇ ਜਾਣਗੇ। ਇਸ ਤਰ੍ਹਾਂ ਆਉਂਦੇ ਤਿੰਨ ਸਾਲਾਂ ਵਿਚ ਸਰਕਾਰ 137 ਮਿਲੀਅਨ ਡਾਲਰ ਇਸ ਮੁਹਿੰਮ ਉਤੇ ਖਰਚ ਕਰੇਗੀ। 15 ਮਿਲੀਅਨ ਡਾਲਰ ਸ਼ਰਾਬੀਆਂ ਦੀ ਸ਼ਰਾਬ ਛੁਡਾਉਣ ਉਤੇ ਖਰਚੇ ਜਾਣਗੇ।


■ BUYING ■ SELLING

Free Evaluation For Your Property
Call any time
Without any obligation



Ph. Bus: 736-3831 Res: 434-8548
Pager 687-1985 #2229

United Realty Ltd.
3879 Oak Street, Vancouver, B.C. V6H 2M6

PAUL'S PLUMBING, ELECTRICAL & HEATING SUPPLY

Plumbing & Bathroom Fixtures & Supplies
Hot Water Tanks
Hot Water Heating & Supplies And Instalations





*We cut and thread galvanized pipe*
*We Cut keys also.*

"Free customer parking at rear"

4578 Main St., At 30th Ave., Vancouver, B.C.

OPEN SUNDAYS

Sales: 872-3118
Service: 872-7227
HINDI, Punjabi Spoken

A.M.C. Carpet Ltd.
Unit 8 - 12950 - 80th Ave. Surrey, B.C.
Carpet-Vinyl-Hardwood All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ
ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ
ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment



AMARJIT SINGH CHAHAL

Off. 594-6141
Res. 594-7595 Pager 680-0214

# GILL AUTO SALES




7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

## ਕਾਰਾਂ ਉਤੇ ਸਪੈਸ਼ਲ ਸੇਲ

ਸਾਡੇ ਕੋਲ ਹਰ ਮਾਡਲ ਦੀਆਂ
ਕਾਰਾਂ ਹਨ — ਦੇਖਣ ਲਈ
ਅੱਜ ਹੀ ਪੁੱਜੋ — ਵਾਜਬ
ਕੀਮਤਾਂ

# GILL VANS




## Conversions & Accessories

Bench Seats installed from .................................................. $300
Captain Chairs with swivel bases, custom made from ..... pr. $390
Sofa bed Deluxe from .................................................. $475
Bay Windows installed from .......................................... $99
Complete Van Interior from .......................................... $725
Raised Roof installed from .......................................... $850
Electric Sofa Bed .................................. from $1299

■ Accessories ■ Service ■ Installations ■ Auto Upholstery

CALL **522-2122** COLLECT

# ਰੌਇਲ ਫਰਨੀਚਰ ਤੇ ਲੱਗ ਗਈ ਬਲੋਅ ਆਊਟ ਸੇਲ

## ਜਿਸ ਵਿਚ ਸਟੋਰ ਵਿਚ ਪਏ ਸਾਡੇ ਫਰਨੀਚਰ ਦੀਆਂ ਕੀਮਤਾਂ ਤੇ ਉਹ ਡੀਲਾਂ ਦਿੱਤੀਆਂ ਜਾਣਗੀਆਂ ਕਿ ਤੁਸੀਂ ਖਰੀਦੇ ਬਿਨਾਂ ਨਹੀਂ ਰਹਿ ਸਕੋਗੇ।



3 Pc. Pillow Back, Comfortable, Lifetime Warranty on frame construction **$999**
YOU GET: ■ Sofa ■ Chair ■ Love Seat

**ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5 % ਨਾਲ ਬੀਟ ਕਰਾਂਗੇ।**



**ਕੀਮਤ ਮਾਰਕੀਟ ਨਾਲੋਂ ਸਭ ਤੋਂ ਘੱਟ ਮਿਲੇਗੀ।**

ਰੌਇਲ ਫਰਨੀਚਰ ਤੋਂ ਖ਼ਰੀਦਿਆ ਫਰਨੀਚਰ ਤੁਹਾਡੇ ਘਰ ਨੂੰ ਸਜਾ ਦੇਵੇਗਾ

*7 Pc. Solid Pine Bedroom Suite*
**$595**






**SAVE UP TO 50% ON MATTRESS SETS!**

| | 39" Twin Set | 54" Double Set | 60" Queen Set |
|---|---|---|---|
| POSTURE BEAUTY | $139 | $169 | $239 |
| SEALY | $229 | $289 | $329 |
| RESTONIC | $199 | $279 | $299 |

Both Pcs.

**LOWEST PRICE IN TOWN**

LOWEST PRICES GUARANTEED

# ROYAL FURNITURE LTD.

2607 MAIN STREET (at 10th. AVE.), VANCOUVER, B.C.

TEL. 874-9525

VISA · MasterCard

MASTER CARD VISA ACCEPTED

# ਤਰਕਸ਼ੀਲਾਂ ਕਰਨੀ ਵਾਲੇ ਬਾਬੇ ਨੂੰ ਭਜਾਇਆ

ਤਪਾ ਮੰਡੀ — ਇਥੋਂ ਪੰਜ ਕਿਲੋਮੀਟਰ ਦੂਰ ਪਿੰਡ ਢਿਲਵਾਂ ਵਿਖੇ ਜਦੋਂ ਇਸ ਪਿੰਡ ਦੇ ਹੀ ਇਕ 'ਕਰਾਮਾਤੀ ਬਾਬੇ' ਬਸੰਤ ਸਿੰਘ ਨੂੰ ਚੁਣੌਤੀ ਦਿੱਤੀ ਗਈ ਤਾਂ ਉਸ ਨੇ ਤਰਕਸ਼ੀਲ ਸੁਸਾਇਟੀ ਪਾਸ ਇਕ ਹਜ਼ਾਰ ਨਕਦ ਰੁਪਏ ਜਮ੍ਹਾਂ ਕਰਵਾ ਦਿੱਤੇ ਤੇ ਕਿਹਾ ਕਿ ਉਹ ਲੋਕਾਂ ਦੇ ਇਕੱਠ ਵਿਚ ਆਪਣਾ ਜਾਦੂ ਸਿਧ ਕਰਨਗੇ ਅਤੇ ਬਦਲੇ ਵਿਚ ਗਿਆਰਾਂ ਹਜ਼ਾਰ ਰੁਪਏ ਤਰਕਸ਼ੀਲਾਂ ਤੋਂ ਜੁਰਮਾਨੇ ਵਜੋਂ ਲੈਣਗੇ। ਇਹ 'ਤਮਾਸ਼ਾ' ਵੇਖਣ ਲਈ ਸਰਕਾਰੀ ਹਾਈ ਸਕੂਲ ਢਿਲਵਾਂ ਦੇ ਮੈਦਾਨ ਵਿਚ ਸੈਂਕੜੇ ਪਿੰਡ ਵਾਸੀ ਇਕੱਠੇ ਹੋ ਗਏ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਪ੍ਰਧਾਨ ਰਜਿੰਦਰ ਸਿੰਘ ਭਦੌੜ ਨੇ ਲੋਕਾਂ ਨੂੰ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਮਹਿਲਾ ਚੌਕ (ਸੰਗਰੂਰ) ਅਤੇ ਬਸੀ ਪਠਾਣਾਂ (ਪਟਿਆਲਾ) ਵਿਚ ਅਜਿਹੇ ਪਖੰਡੀ ਸਾਧੂਆਂ ਨੇ ਚੁਣੌਤੀ ਪ੍ਰਵਾਨ ਕੀਤੀ ਸੀ ਪਰ ਉਹ ਨਿਸ਼ਚਿਤ ਸਮੇਂ 'ਤੇ ਹਾਜ਼ਰ ਨਹੀਂ ਹੋਏ। ਇਹ ਸਾਡੇ ਲਈ ਖੁਸ਼ੀ ਦੀ ਗੱਲ ਹੈ ਕਿ ਅਜ ਆਪਣਾ ਜਾਦੂ ਸਹੀ ਸਿਧ ਕਰਨ ਲਈ "ਬਾਬੇ" ਸਟੇਜ ਤੇ ਲੋਕਾਂ ਸਾਹਮਣੇ ਆਏ ਹਨ।

ਬਾਬਿਆਂ ਨੇ ਜਿਨ੍ਹਾਂ ਦੇ ਨਾਲ ਸੰਤ ਕੁਰਕਸ਼ੇਤਰ ਦਾਸ ਵੀ ਆਏ ਹੋਏ ਸਨ, ਨੇ ਦੋ ਸ਼ਰਤਾਂ ਰੱਖੀਆਂ। ਪਹਿਲੀ ਇਹ ਕਿ ਉਹ ਕਿਸੇ ਦੀ ਵੀ ਪੱਗ ਲਾਹ ਕੇ ਮੰਤਰ ਪੜ੍ਹਨਗੇ ਅਤੇ ਫਿਰ ਉਸ ਪੱਗ ਨੂੰ ਕੋਈ ਕਿੰਨੀਆਂ ਹੀ ਗੰਢਾਂ ਦੇ ਦੇਵੇ ਉਹ ਆਪਣੇ ਜਾਦੂ ਨਾਲ ਪੱਗਾਂ ਦੀਆਂ ਗੰਢਾਂ ਖੋਲ੍ਹ ਦੇਣਗੇ। ਦੂਜੀ ਇਹ ਕਿ ਉਹ ਆਪਣੇ ਮੰਤਰ ਨਾਲ ਤਰਕਸ਼ੀਲ ਸੁਸਾਇਟੀ ਵਾਲਿਆਂ ਦੀਆਂ ਪੈਂਟਾਂ ਉਤਾਰ ਦੇਣਗੇ ਤੇ ਜੇ ਕਿਸੇ ਨੇ ਲਹਿੰਦੀ ਪੈਂਟ ਨੂੰ ਹੱਥ ਪਾਇਆ ਤਾਂ ਉਸ ਨੂੰ ਪੰਜ ਸੌ ਰੁਪਏ ਜੁਰਮਾਨਾ ਦੇਣਾ ਪਵੇਗਾ। ਤਰਕਸ਼ੀਲ ਵਾਲਿਆਂ 'ਬਾਬਿਆਂ' ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ ਤੇ ਪੱਗ ਨੂੰ ਗੰਢਾਂ ਦੇ ਕੇ ਰੱਖ ਦਿੱਤਾ ਪਰ 15-20 ਮਿੰਟਾਂ ਬਾਅਦ ਜਦੋਂ ਪੱਗ ਚੁੱਕ ਕੇ ਵਿਖਾਈ ਗਈ ਤਾਂ ਉਸ ਦੀਆਂ ਗੰਢਾਂ ਨਹੀਂ ਸਨ ਖੁਲ੍ਹੀਆਂ। ਲੋਕਾਂ ਨੇ ਸੰਤਾਂ ਦਾ ਮੌਜੂ ਉਡਾਇਆ। ਬਾਅਦ ਵਿਚ ਸੰਤ ਸਟੇਜ ਤੋਂ ਉਤਰਕੇ ਚਲੇ ਗਏ ਤੇ ਪਿੰਡ ਦੀ ਮੰਡੀਹਰ ਨੇ ਉਨ੍ਹਾਂ ਨੂੰ ਕੁਟਾਪਾ ਵੀ ਚਾੜ੍ਹਿਆ। ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਨੇ ਲੋਕਾਂ ਨੂੰ ਦੱਸਿਆ ਕਿ ਕਿਸੇ ਕੋਲ ਵੀ ਗੈਬੀ ਸ਼ਕਤੀ ਨਹੀਂ ਹੁੰਦੀ ਤੇ ਉਨ੍ਹਾਂ ਕੁਝ 'ਹੱਥ-ਫੇਰੀਆਂ' ਰਾਹੀਂ ਲੋਕਾਂ ਨੂੰ ਕਰਾਮਾਤਾਂ ਵਿਖਾਈਆਂ ਜਿਨ੍ਹਾਂ ਵਿਚ ਅੰਡੇ ਨੂੰ ਅਖਬਾਰ ਵਿਚੋਂ ਗਾਇਬ ਕਰਨਾ ਤੇ ਬੱਚੇ ਦੇ ਕੰਨ ਮਰੋੜਨ ਨਾਲ ਫੁਲ ਖਿਚਣਾ ਆਦਿ। ਉਨ੍ਹਾਂ ਨੇ ਲੋਕਾਂ ਨੂੰ ਪਿੰਡਾਂ 'ਚ ਰਹਿੰਦੇ ਸਾਧੂਆਂ, ਸੰਤਾਂ ਤੋਂ ਸੁਚੇਤ ਰਹਿਣ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਕਿਹਾ ਕਿ ਉਹ ਵਹਿਮਾਂ-ਭਰਮਾਂ ਵਿਚ ਨਾ ਫਸਣ।

# ਕਈਆਂ ਨੇ ਗਲਤ ਬਿਆਨੀ ਕਰਕੇ ਥਾਵਾਂ ਅਲਾਟ ਕਰਵਾਈਆਂ — ਕੇਸਰ

ਅੰਮ੍ਰਿਤਸਰ — ਹਰਿਮੰਦਰ ਸਾਹਿਬ ਗਲਿਆਰਾ ਪ੍ਰਾਜੈਕਟ ਦੇ ਡਾਇਰੈਕਟਰ ਜੇ ਐਸ ਕੇਸਰ ਨੇ ਮੰਨਿਆ ਕਿ ਉਨ੍ਹਾਂ ਦੀ ਟੀਮ ਦੇ ਯਤਨਾਂ ਦੇ ਬਾਵਜੂਦ ਬਹੁਤ ਸਾਰੇ ਲੋਕਾਂ ਨੇ ਤੱਥਾਂ ਉਤੇ ਪਰਦਾ ਪਾ ਕੇ ਜਾਂ ਫਿਰ ਗਲਤ ਬਿਆਨੀ ਕਰਕੇ ਨਵੀਆਂ ਥਾਵਾਂ ਅਲਾਟ ਕਰਵਾ ਲਈਆਂ ਹਨ। ਇਥੇ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਅਜਿਹੇ ਕੇਸਾਂ ਵਿਚ ਅਲਾਟਮੈਂਟ ਵਾਸਤੇ ਅਰਜ਼ੀ ਨਾਲ ਲੱਗੇ ਦਸਤਾਵੇਜ਼ ਪੜਤਾਲ ਦੇ ਸਮੇਂ ਠੀਕ ਹੀ ਲਗਦੇ ਸਨ।

ਉਨ੍ਹਾਂ ਨੇ ਸ਼ਹਿਰ ਦੇ ਲੋਕਾਂ ਨੂੰ ਅਤੇ ਖਾਸ ਕਰਕੇ ਸਹੀ ਅਲਾਟੀਆਂ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਅਜਿਹੇ ਕਿਸੇ ਕੇਸ ਦਾ ਜਦ ਵੀ ਪਤਾ ਲੱਗੇ ਉਹ ਜਾਣਕਾਰੀ ਦੇਣ ਦੀ ਹਿੰਮਤ ਕਰਨ। ਉਨ੍ਹਾਂ ਦੱਸਿਆ ਕਿ ਇਹ ਜਾਣਕਾਰੀ ਡਿਪਟੀ ਕਮਿਸ਼ਨਰ, ਮਿਉਂਸਪਲ ਕਾਰਪੋਰੇਟਰ, ਪ੍ਰਾਜੈਕਟ ਦੇ ਕਿਸੇ ਸੰਬੰਧਤ ਅਧਿਕਾਰੀ ਜਾਂ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਇਹ ਜਾਣਕਾਰੀ ਦਿੱਤੀ ਜਾ ਸਕਦੀ ਹੈ।

ਸ੍ਰੀ ਕੇਸਰ ਨੇ ਦੱਸਿਆ ਕਿ ਇਸ ਇਲਾਕੇ ਵਿਚ ਤਿਆਰ ਕੀਤੇ ਜਾ ਰਹੇ ਸ਼ਾਪਿੰਗ ਕੰਪਲੈਕਸ ਵਿਚ ਸੜਕਾਂ, ਸਾਰੀਆਂ ਲਾਈਟਾਂ ਤੇ ਪਟੜੀਆ ਤਿਆਰ ਕਰਨ ਦਾ ਕੰਮ 31 ਜਨਵਰੀ ਤੱਕ ਮੁਕੰਮਲ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਤੇ ਨਗਰ ਨਿਗਮ ਦੇ ਕਮਿਸ਼ਨਰ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਸ਼ਿਕਾਇਤਾਂ ਦੇ ਸੰਬੰਧ ਵਿਚ ਉਨ੍ਹਾਂ ਦੱਸਿਆ ਕਿ ਇਨ੍ਹਾਂ ਦੀ ਚੰਗੀ ਤਰ੍ਹਾਂ ਪੜਤਾਲ ਕੀਤੀ ਜਾ ਰਹੀ ਹੈ ਤੇ ਭਰੋਸਾ ਦਿਵਾਇਆ ਕਿ ਕਿਸੇ ਵੀ ਕਸੂਰਵਾਰ ਮੁਲਾਜ਼ਮ ਨੂੰ ਮੁਆਫ ਨਹੀਂ ਕੀਤਾ ਜਾਵੇਗਾ।

● ਮੈਜਿਸਟਰੇਟ ਨੇ ਜਿਰਹਾ ਕਰਦਿਆਂ ਹੋਇਆ ਪੁਛਿਆ-ਤੂੰ ਆਰੰਭਕ ਰਿਪੋਰਟ ਵਿਚ ਆਪਣਾ ਨਾਂ ਗਲਤ ਕਿਉਂ ਲਿਖਵਾਇਆ?

ਮੁਲਜ਼ਮ-ਸ੍ਰੀਮਾਨ ਜੀ ਗੱਲ ਇਹ ਹੈ ਕਿ ਕਿ ਉਸ ਸਮੇਂ ਮੈਂ ਬਹੁਤ ਗੁਸੇ ਵਿਚ ਸੀ ਅਤੇ ਜਦ ਮੈਂ ਗੁਸੇ ਵਿਚ ਹੁੰਦਾ ਹਾਂ ਤਾਂ ਅਕਸਰ ਆਪਣਾ ਅਸਲੀ ਨਾਂ ਭੁਲ ਹੀ ਜਾਂਦਾ ਹਾਂ।


LM KLM KLM KLM KLM KLM KLM KLM KL

■ ਸਪੈਸ਼ਲ ■ ■ ਸਪੈਸ਼ਲ ■ ■ ਸਪੈਸ਼ਲ ■

**GABA TRAVELS (1982) LTD.**

(6612 MAIN ST., VANCOUVER, B.C. V5X 3H2

**Tel. (604) 324-3336**

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32



KLM

**AUTHORIZED AGENTS FOR AIR INDIA**
AND NOW WE ARE AUTHORISED

TOLL FREE NO.
B. C. & ALBERTA
1—800 663 6696

**K.L.M.**
(ROYAL DUTCH AIRLINES)

SPECIAL FARE TO: Delhi, Karachi, Colombo, Singapore, London, Amsterdam
ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ASSOCIATED OFFICES IN INDIA:

| GABA TRAVELS | GABA TRAVELS | GABA TRAVELS |
|---|---|---|
| (Opposit Friends Theatre) | V.P.O. NURMAHAL | NEW DELHI |
| JALLANDHAR CITY | JALLANDHAR | |
| TEL. 74597 | TEL. 49 | |

LM KLM KLM KLM KLM KLM KLM KLM KLM



## MERIDIAN INSURANCE

Life &
Accident sickness

LOCATION 1
3268 COAST MERIDIAN RD.,
PORT COQUITLAM, B.C. V3B 3N4

LOCATION 2
Unit 115-8980 - No. 3 Road, RICHMOND, B.C. V6Y 2E8
(ਜੋ ਕਿ ਫਰਾਂਸਿਸ ਸਟਰੀਟ ਤੇ ਨੰਬਰ 3 ਰੋਡ ਦੇ ਕੋਨੇ ਤੇ ਹੈ)
ਸੰਤਬੀਰ ਸਿੰਘ ਮਿਨਹਾਸ

Autoplan

FOR ALLSTATE LOW RATES PLUS AUTOPLAN FINANCE
— AVAILABLE ON APPROVED CREDIT
ਘਰਾਂ ਦੀ ਵਾਜਬ ਕੀਮਤਾਂ ਤੇ ਇਨਸ਼ੋਰੈਂਸ ਕਰਾਉਣ ਲਈ

Ph. 272-0700

Santbir Minhas Res. 271-1248 ICBC, house, tenant, commercial



## GLOBAL IMMIGRATION SERVICES



For Further Consultation Contact
KARNAIL SINGH NAGRA
11420 GRANVILLE AVE. RICHMOND. B.C.
PH. (604) 270-2100

WE ARE PROVIDING ALL IMMIGRATION SERVICES.

ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸੰਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming .

Any other matter regarding Immigration.

# ਮਲੂਕਾ

## ਇਕ ਲੱਕੜ ਦੀ ਮਿਲ



ਸਾਧੂ ਸਿੰਘ ਧਾਮੀ

## ਕੈਨੇਡਾ ਵਿਚ ਆਏ ਮੋਢੀ ਪੰਜਾਬੀਆਂ ਦੀ ਕਹਾਣੀ

"ਮਲੂਕਾ" ਨਾਵਲ ਲਿਖਤ ਸਾਧੂ ਸਿੰਘ ਧਾਮੀ ਵਿਚ ਕੈਨੇਡਾ ਵਿਚ ਆਏ ਮੋਢੀ ਪੰਜਾਬੀਆਂ ਦੀ ਕਹਾਣੀ ਹੈ ਕਲਮ-ਬੱਧ ਹੈ। ਨਾਵਲ ਦਾ ਮੁਖ ਪਾਤਰ ਮਲੂਕਾ ਸਤਾਰਾਂ ਅਠਾਰਾਂ ਸਾਲ ਦੀ ਉਮਰ ਵਿਚ ਕੈਨੇਡਾ ਆਉਂਦਾ ਹੈ ਤੇ ਮਿਲ ਵਿਚ ਕੰਮ ਕਰਦਾ ਹੈ। ਉਸ ਨੂੰ ਉਸ ਵੇਲੇ ਦੇ ਪੰਜਾਬੀ ਪ੍ਰੇਰ ਕੇ ਪੜ੍ਹਨ ਲਾਉਂਦੇ ਹਨ ਤੇ ਉਹ ਉਨ੍ਹਾਂ ਦੀ ਕਹਾਣੀ ਨਾਵਲ ਰਾਹੀਂ ਬਿਆਨ ਕਰਦਾ ਹੈ।

ਉਨ੍ਹਾਂ ਦਾ ਕਹਿਣਾ ਸੀ, "ਮਲੂਕਿਆ ਇਹ ਸਭ ਲਿਖੀਂ ਅਤੇ ਆਪਣੇ ਖੌਲਦੇ ਖੂਨ ਨਾਲ ਲਿਖੀਂ। ਅਸੀਂ ਤਾਂ ਉਦੋਂ ਮਰ ਮਿਟ ਗਏ ਹੋਵਾਂਗੇ ਪਰ ਸਾਡੇ ਬੱਚੇ ਇਹ ਕਹਾਣੀ ਮਾਣ ਨਾਲ ਪੜ੍ਹਨਗੇ। ਸਾਰਾ ਭਾਰਤ ਵਰਸ਼ ਇਸਨੂੰ ਪੜ੍ਹੇਗਾ ਅਤੇ ਯਾਦ ਰੱਖੇਗਾ।"

ਅੱਜ ਅਸੀਂ ਸਾਰੇ ਉਨ੍ਹਾਂ ਬਜ਼ੁਰਗਾਂ ਦੀ ਬਦੌਲਤ ਇਥੇ ਹਾਂ।

**ਪੰਜਾਬੀ ਲੇਖਕਾਂ ਸਾਧੂ, ਸੁਖਵੰਤ ਹੁੰਦਲ ਅਤੇ ਗੁਰਮੇਲ ਰਾਏ ਨੇ ਅੰਗਰੇਜ਼ੀ ਵਿਚੋਂ ਇਸ ਦਾ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਤੱਕ ਪੁਚਾਇਆ ਹੈ। "ਮਲੂਕੇ" ਵਾਂਗ ਕੈਨੇਡਾ ਵਿਚ ਰਹਿਣ ਵਾਲੇ ਪੰਜਾਬੀ ਇਨ੍ਹਾਂ ਤਿੰਨਾਂ ਲੇਖਕਾਂ ਦੇ ਵੀ ਰਿਣੀ ਰਹਿਣਗੇ। ਇਹ ਨਾਵਲ ਲੜੀਵਾਰ ਹਰ ਅੰਕ ਵਿਚ ਛਪੇਗਾ।**

ਦਰਿਆ ਦੇ ਅਰੁੱਕ ਵਹਾਅ ਨੇ ਮਲੂਕੇ ਉਪਰ ਜਾਦੂ ਧੂੜ ਦਿੱਤਾ ਸੀ। ਪਾਣੀ ਦੀ ਸ਼ਾਂਤ ਅਤੇ ਧੀਮੀ ਤੋਰ ਨੇ ਉਹਨੂੰ ਅਪਣੱਤ ਨਾਲ ਭਰ ਦਿੱਤਾ ਸੀ ਕਿਉਂਕਿ ਫਰੇਜ਼ਰ ਦਰਿਆ ਪੰਜਾਬ ਦੇ ਮੈਦਾਨਾਂ ਵਿਚਦੀ ਸਰਕਦੇ ਸਤਲੁਜ ਵਰਗਾ ਹੀ ਸੀ। ਉਂਝ ਵੀ ਉਹਨੂੰ ਜਾਪਿਆ ਕਿ ਬਿਗਾਨੇ ਮੁਲਕ ਵਿਚ ਅਨਜਾਣ ਲੋਕਾਂ ਨਾਲੋਂ ਇਕ ਦਰਿਆ ਨਾਲ ਸਾਂਝ ਪਾਉਣੀ ਸੌਖੀ ਸੀ। ਮਾਹੌਲ ਦੀ ਖੁਲ੍ਹਦਿਲੀ ਖਿਚ ਪਾਉਣ ਵਾਲੀ ਸੀ। ਆਪਣੇ ਖੰਭਾਂ ਨੂੰ ਸੁਹਜਮਈ ਫੁਰਤੀ ਨਾਲ ਫੜਫੜਾਉਂਦੇ 'ਸੀਗਲ' ਦਰਿਆ ਉਪਰ ਨੀਵੇਂ ਨੀਵੇਂ ਉਡਦੇ ਤੇ ਇਕ ਦਮ ਝਪਟਾ ਮਾਰ ਪਾਣੀ ਤੇ ਤਲ ਤੇ ਚੁਹਲ ਕਰਦੇ ਤਰਨ ਲਗਦੇ। ਜਦੋਂ ਪਾਣੀ ਚੜ੍ਹਿਆ ਹੁੰਦਾ ਤਾਂ ਕੰਢੇ 'ਤੇ ਉਗੀਆਂ ਸੰਘਣੀਆਂ ਝਾੜੀਆਂ ਦੀਆਂ ਟਾਹਣੀਆਂ ਉਸ ਨਾਲ ਕਲੋਲਾਂ ਕਰਦੀਆਂ। ਜੰਗਲੀ ਗੁਲਾਬ ਦੀਆਂ ਅੱਧ ਖਿੜੀਆਂ ਡੋਡੀਆਂ ਵਿਚ ਪੀਲੇ ਪੁੰਕੇਸਰ ਝਾਤੀਆਂ ਮਾਰਦੇ ਤੇ ਮਖੀਲ ਦੀਆਂ ਮੱਖੀਆਂ ਗੁਲਾਬੀ ਫੁੱਲਪੱਤੀਆਂ ਦੀਆਂ ਛੋਟੀਆਂ ਛੋਟੀਆਂ ਪਿਆਲੀਆਂ ਦੁਆਲੇ ਚੱਕਰ ਕੱਢਦੀਆਂ।

ਅੱਜ ਗੱਲ ਹੋਰ ਸੀ। ਡੁਮੀਨੀਅਨ ਲੰਬਰ ਮਿਲ ਵਿਚ 'ਗਰੀਨ-ਚੇਨ' ਤੇ ਮਲੂਕੇ ਦੇ ਕੰਮ ਦਾ ਅੱਜ ਤੀਜਾ ਦਿਨ ਸੀ। ਦੁਪਹਿਰ ਤੋਂ ਪਹਿਲੇ ਪੰਜ ਘੰਟੇ ਬਹੁਤ ਹੌਲੀ ਹੌਲੀ ਬੀਤੇ ਸਨ ਅਤੇ ਅਜੇ ਓਵਰਟਾਈਮ ਸਮੇਤ ਪੰਜ ਜਾਂ ਸੱਤ ਘੰਟੇ ਹੋਰ ਬਚਦੇ ਸਨ। ਪੱਗ ਬੰਨ੍ਹੀ ਮਲੂਕਾ ਆਪਣੀ ਗਭਰੇਟ ਉਮਰ ਨਾਲੋਂ ਵੱਡਾ ਅਤੇ ਤਕੜਾ ਜਾਪਦਾ ਸੀ। ਸਵੇਰ ਤੋਂ ਮਿਲ ਵਿਚ 'ਹੈਮਲੌਕ' ਦਾ ਸਪੈਸ਼ਲ ਆਰਡਰ ਕੱਟਿਆ ਜਾ ਰਿਹਾ ਸੀ। ਇਹ ਇਮਾਰਤੀ ਗਿੱਲੀ ਲੱਕੜੀ ਕਾਫੀ ਭਾਰੀ ਸੀ। ਛੇਤੀ ਛੇਤੀ ਘਿਉ ਚੋਪੜੀਆਂ ਰੋਟੀਆਂ ਦਾਲ ਨਾਲ ਖਾ, ਉਹ ਝਾਲ ਫੇਰੀ ਵਾਲੇ ਲੋਹੇ ਦੇ ਕੱਪ ਵਿਚ ਅੱਧੋ ਸੁੱਧ ਦੁੱਧ ਅਤੇ ਗਾਹੜੇ ਮਿੱਠੇ ਵਾਲੀ ਚਾਹ ਪਾ, ਦਰਿਆ ਕੰਢੇ, 'ਹਿਦੂ ਕੁੱਕ-ਹਾਊਸ' ਸਾਹਮਣੇ ਪਏ ਮੌਸਮਾਂ ਬਾਰੇ ਬੈਂਚ ਉਪਰ ਆ ਬੈਠਾ।

ਮੱਠੀ ਮੱਠੀ ਹਵਾ ਕਾਰਨ ਫਰੇਜ਼ਰ ਦਰਿਆ ਵਿਚ ਲਹਿਰਾਂ ਉਠ ਰਹੀਆਂ ਸਨ ਅਤੇ ਦੁਪਹਿਰ ਦੀ ਧੁੱਪ ਕਾਰਨ ਫਰੇਜ਼ਰ ਸਤਲੁਜ ਵਾਂਗ ਹੀ ਚਮਕਾਂ ਮਾਰ ਰਿਹਾ ਸੀ। ਪਰ ਇਸ ਵਿਚਲੀ ਆਵਾਜਾਈ ਨੇ ਇਸ ਨੂੰ ਕਿਸੇ ਦੁਰੇਡੀ ਨਵੀਂ ਤੇ ਅਜੀਬ ਦੁਨੀਆਂ ਦਾ ਅੰਗ ਬਣਾ ਦਿੱਤਾ ਸੀ। ਜਹਾਜ਼ ਖਿਚਣ ਵਾਲੀਆਂ ਬਦਸੂਰਤ ਅਗਨ-ਕਿਸ਼ਤੀਆਂ ਆਪਣੀਆਂ ਕਾਲੀਆਂ ਚਿਮਨੀਆਂ ਰਾਹੀਂ ਧੂੰਆਂ ਉਗੱਲਛਦੀਆਂ ਇਕ ਖਿਝਾਊ ਨੀਰਸਤਾ ਪੈਦਾ ਕਰਦੀਆਂ ਇਧਰ ਉਧਰ ਜਾ ਰਹੀਆਂ ਸਨ। ਕਦੇ ਕਦੇ ਇਹ ਨੀਰਸਤਾ ਉਹਨਾਂ ਦੀ ਸੀਟੀ ਦੀ ਤਿੱਖੀ ਅਵਾਜ਼ ਨਾਲ ਟੁੱਟਦੀ। ਉਹ ਆਪਣੇ ਵੱਡੇ ਵੱਡੇ 'ਸਕਾਓਜ਼' ਨੂੰ ਖਿਚੀ ਲਿਜਾ ਰਹੀਆਂ ਸਨ। ਪਾਣੀ ਦੇ ਵਹਾ ਵਲ ਨੂੰ ਜਾਂਦਿਆਂ ਵੱਡੀ ਮਾਤਰਾ ਵਿਚ ਲੱਕੜ ਨਾਲ ਲੱਦੇ ਹੋਣ ਕਾਰਨ ਇਹਨਾਂ 'ਸਕਾਓਜ਼' ਦਾ ਬਹੁਤ ਥੋੜ੍ਹਾ ਹਿਸਾ ਦਿਖਾਈ ਦਿੰਦਾ ਸੀ। ਵਹਾ ਦੇ ਉਲਟ ਜਾਂਦਿਆਂ ਇਹਨਾਂ ਦਾ ਖਾਲੀਪਨ ਅਤੇ ਜੰਗਾਲ ਲੱਗਾ ਹੇਠਲਾ ਹਿਸਾ ਬੜਾ ਬੇਢਬਾ ਲਗਦਾ ਸੀ। ਕੁਝ ਅਗਨ-ਕਿਸ਼ਤੀਆਂ ਜੰਗਲ 'ਚੋਂ ਕੱਟ ਕੇ ਲਿਆਂਦੀਆਂ ਤਾਜ਼ਾ ਲਾਲ-ਭੂਰੀਆਂ ਗੋਲੀਆਂ ਜਿਹੜੀਆਂ ਲੋਹੇ ਦੇ ਸੰਗਲਾਂ ਨਾਲ ਇਕੱਠੀਆਂ ਕਰਕੇ ਬੰਨ੍ਹੀਆਂ ਹੋਈਆਂ ਸਨ, ਨੂੰ ਖਿਚੀ ਲਿਜਾ ਰਹੀਆਂ ਸਨ। ਲੱਥੇ ਹੋਏ ਰੰਗ ਵਾਲਾ ਜਲਰੇਖਾ ਤੱਕ ਲੱਦਿਆ ਇਕ ਛੋਟਾ ਸਮੁੰਦਰੀ ਜਹਾਜ਼ ਆਪਣਾ ਪੂਰਾ ਜ਼ੋਰ ਲਾਉਂਦਾ ਲੰਘਿਆ।

ਥਕਾਵਟ ਕਾਰਨ ਦੁਖਦੇ ਸਰੀਰ ਨਾਲ ਮਲੂਕੇ ਨੂੰ ਪੁਰਾਣੀ ਆਰਾਮਦਾਇਕ ਦੁਨੀਆਂ ਦੀ ਯਾਦ ਆਈ ਜਿਸਨੂੰ ਉਹ ਬਹੁਤ ਪਿਛੇ ਛੱਡ ਆਇਆ ਸੀ। ਏਡੀ ਦੂਰ ਹੁੰਦਿਆਂ ਵੀ ਬੀਤਿਆ ਸਭ ਕੁਝ ਉਸਦੀਆਂ ਅੱਖਾਂ ਦੇ ਸਾਹਮਣੇ ਸੀ — ਕਪਾਹ ਅਤੇ ਮੱਕੀ ਦੇ ਲਹਿਲਹਾਉਂਦੇ ਖੇਤ, ਹਰੇ ਭਰੇ ਅੰਬਾਂ ਦੇ ਬਾਗ਼, ਲੰਬੇ ਲੰਬੇ ਸਿੰਙਾਂ ਅਤੇ ਖੂਬਸੂਰਤ ਪਿੰਡਿਆਂ ਵਾਲੀਆਂ ਮੱਝਾਂ ਅਤੇ ਬਿਨਾਂ ਧੂੜ ਉਡਾਇਆਂ ਚੀਂ ਚੀਂ ਕਰਦੇ ਧੀਮੀ ਚਾਲ ਚੱਲਦੇ ਗੱਡੇ। ਤੀਰ ਦੀ ਤੇਜੀ ਵਾਂਗ ਇਹ ਮਨੋਹਰ ਦ੍ਰਿਸ਼ ਉਸਦੇ ਦਿਮਾਗ਼ ਵਿਚ ਉਜਾਗਰ ਹੋਏ। ਭੀੜ ਭਰੇ ਬਾਜ਼ਾਰਾਂ ਵਿਚ ਰੰਗਦਾਰ ਕਪੜੇ ਪਾਈ ਮਰਦਾਂ ਅਤੇ ਔਰਤਾਂ ਦਾ ਤੁਰਨਾ ਅਤੇ ਉਚੀ ਉਚੀ ਗੱਲਾਂ ਕਰਨਾ; ਸੜਕਾਂ ਕੰਢੇ ਛਾਂ ਦਾਰ ਦਰੱਖਤਾਂ ਹੇਠਾਂ ਬਹਿ ਮੁਸਾਫਰਾਂ ਦਾ ਆਰਾਮ ਕਰਨਾ ਤੇ ਗੱਪਾਂ ਛੱਪਾਂ ਮਾਰਨਾ। ਨਿਸ਼ਕਦੀਆਂ ਕਾਲੀਆਂ ਅੱਖਾਂ ਅਤੇ ਚਮਕਦੇ ਚਿੱਟੇ ਦੰਦਾਂ ਵਾਲੀਆਂ ਮੁਟਿਆਰਾਂ ਦਾ ਚਰਖਾ ਕੱਤਦੀਆਂ ਦਾ ਗਾਉਣਾ, ਚੰਨ ਚਾਨਣੀ ਵਿਚ ਲਚਕਦਾਰ ਅਤੇ ਭੂਰੇ ਪਿੰਡਿਆਂ ਵਾਲੇ ਮੁੰਡਿਆਂ ਦਾ ਕਬੱਡੀ ਖੇਡਣਾ, ਅਤੇ ਸਾਰੇ ਟੱਬਰ ਦਾ ਧੀਮੀ ਲੋਅ ਵਿਚ ਚੁੱਲ੍ਹੇ ਮੂਹਰੇ ਬੈਠ ਰੋਟੀ ਖਾਣਾ। ਇਹ ਸਭ ਖੁਸ਼ੀਆਂ ਭਰੇ ਦ੍ਰਿਸ਼ ਉਹਦੀ ਯਾਦ ਵਿਚ ਕਿੰਨੇ ਸਾਫ ਅਤੇ ਸਪੱਸ਼ਟ ਸਨ ਪਰ ਕਿੰਨੇ ਦੂਰ ਸਨ। ਇਸ ਦੂਰੀ ਨੇ ਉਹਦਾ ਮਨ ਉਦਾਸ ਕਰ ਦਿੱਤਾ।

ਮਿਲ ਵਿਚ ਕੰਮ ਕਰਨ ਵਾਲਿਆਂ ਲਈ ਇਹ ਆਰਾਮ ਕਰਨ ਦਾ ਸਮਾਂ ਸੀ ਅਤੇ ਸਾਰਿਆਂ ਨਾਲੋਂ ਜ਼ਿਆਦਾ ਮਲੂਕੇ ਨੂੰ ਇਸ ਦੀ ਲੋੜ ਸੀ। ਸੀਗਲ ਹੁਣ ਫਿਕੇ ਪੈ ਚੁੱਕੇ ਭੂਰੇ ਰੰਗ ਦੀਆਂ ਇਮਾਰਤਾਂ ਦੀਆਂ ਗੋਲਾਈਦਾਰ ਅਤੇ ਚਪਟੀਆਂ ਟੀਸੀਆਂ ਤੇ ਆ ਬੈਠੇ ਸਨ ਜੋ ਉਹਨਾਂ ਦੀਆਂ ਬਿੱਠਾਂ ਨਾਲ ਭਰੀਆਂ ਪਈਆਂ ਸਨ। ਪਰ ਉਹਨਾਂ 'ਚੋਂ ਬਹੁਤੇ ਰੱਦ ਕੀਤੇ ਲੋਹੇ ਦੇ ਪਿੰਜਰੇ ਦੀਆਂ ਜੰਗਾਲ ਖਾਧੀਆਂ ਸਲਾਖਾਂ ਤੇ ਛੋਟੀਆਂ ਛੋਟੀਆਂ ਕਤਾਰਾਂ ਵਿਚ ਬੈਠੇ ਸਨ। ਇਹ ਲੋਹੇ ਦਾ ਪਿੰਜਰਾ ਕਦੇ ਲੱਕੜ ਦੀਆਂ ਇੱਟਾਂ ਉਪਰ ਜਰਮਨਾਸ਼ਕ ਦਵਾਈ ਛਿੜਕਣ ਲਈ ਵਰਤਿਆ ਜਾਂਦਾ ਸੀ। ਇਹਨਾਂ ਇੱਟਾਂ ਸਦਕਾ ਵੈਨਕੂਵਰ ਦੀਆਂ ਗਲੀਆਂ ਜਲ ਅਤੇ ਥਲ ਵਿਚ ਰਹਿਣ ਵਾਲੇ ਇਕ ਅਜੀਬ ਜਾਨਵਰ ਦੀ ਪੇਪੜੀਦਾਰ ਪਿੱਠ ਵਾਂਗ ਲਗਦੀਆਂ ਸਨ। ਸਬਜ਼ੀਆਂ ਵੇਚਣ ਵਾਲਾ ਚੀਨਾ ਚਾਰਲੀ ਆਪਣੀ ਖਾਲੀ ਬੇੜੀ ਦਰਿਆ ਦੇ ਘਸਮੈਲੇ ਪਾਣੀਆਂ ਵਿਚਕਾਰ ਹਰਿਆਲੀ ਭਰਪੂਰ ਧਰਤੀ, ਲੂਲੂ ਆਈਲੈਂਡ ਨੂੰ ਲਿਜਾ ਰਿਹਾ ਸੀ। ਉਸ ਦੀ ਰਫਤਾਰ ਤੋਂ ਲਗਦਾ ਸੀ ਕਿ ਘਰ ਪਹੁੰਚਣ ਲਈ ਉਸ ਕੋਲ ਸਾਰਾ ਲੋੜਾ ਵੇਲਾ ਬਾਕੀ ਹੈ। ਜੰਗਲੀ ਗੁਲਾਬ ਦੇ ਦੁਆਲੇ ਮੱਖੀਆਂ ਦੀ ਭਿਨ ਭਿਨ ਮਲੂਕੇ ਨੂੰ ਸੁਣਾਈ ਨਹੀਂ ਦਿੱਤੀ ਅਤੇ 'ਪਾਪਲਰ' ਦੇ ਗੋਲ ਮੋਟੇ ਪੱਤੇ ਹੌਲੀ ਹੌਲੀ ਹਿਲਦੇ ਸਨ। ਉਸ ਨੂੰ ਇੰਜ ਜਾਪਿਆ ਕਿ 'ਕੌਨਫਰ' ਦੀਆਂ ਨੁਕੀਲੀਆਂ ਪੱਤੀਆਂ ਨੇ ਅਕਾਸ਼ ਵੱਲ ਵਧਣਾ ਬੰਦ ਕਰ ਦਿੱਤਾ ਸੀ। ਅਤੇ ਫਰੇਜ਼ਰ ਦਰਿਆ ਇਕ ਥਕੇਵੇਂ ਭਰੇ ਵਹਾ ਨਾਲ ਵਗ ਰਿਹਾ ਸੀ

ਪੰਜ ਮਿੰਟ ਰਹਿੰਦਿਆਂ ਵਾਲੀ ਤਿੱਖੀ ਤੇ ਨਿੱਕੀ ਵਿਸਲ ਨੇ ਮਲੂਕੇ ਦਾ ਸੁਪਨ-ਸੰਸਾਰ ਭੰਗ ਕਰ ਦਿੱਤਾ। ਇਸ ਵਿਸਲ ਤੇ ਸਿੱਖ ਮਜ਼ਦੂਰ ਇਸ ਤਰ੍ਹਾਂ ਉਠੇ ਜਿਵੇਂ ਫੌਜੀ ਵਿਗਲ ਬੱਜੇ ਤੇ ਉਠਦੇ ਹਨ ਕਿਉਂਕਿ ਉਹਨਾਂ ਵਿਚੋਂ ਬਹੁਤੇ ਕੈਨੇਡਾ ਆਉਣ ਤੋਂ ਪਹਿਲਾਂ ਅੰਗਰੇਜ਼ ਫੌਜ ਵਿਚ ਰਹਿ ਚੁਕੇ ਸਨ। ਕੁਝ ਪਲਾਂ ਵਿਚ ਹੀ ਉਹ ਖੜੇ ਗਏ ਸਨ ਅਤੇ ਆਪਣੇ ਦਸਤਾਨਿਆਂ ਅਤੇ ਚਮੜੇ ਦੇ ਭਾਰੀ ਐਪਰਨਾਂ ਨੂੰ ਲੱਕ ਦੁਆਲੇ ਬੰਨ੍ਹਣ ਲੱਗ ਪਏ ਸਨ।

"ਪਾਰਨਰ! ਜਾਣ ਦਾ ਟੈਮ ਏ ਗਿਆ", ਨੱਥਾ ਸਿੰਘ ਨੇ ਸੂਬੇਦਾਰਾਂ ਵਾਲੇ ਹੁਕਮੀ ਲਹਿਜੇ ਨਾਲ ਮਲੂਕੇ ਨੂੰ ਕਿਹਾ। ਉਹ ਜਾਣਦਾ ਸੀ ਕਿ ਪੰਜਾਬ ਦੇ ਇਕ ਪਿੰਡ ਦੀ ਸੁਸਤ ਜ਼ਿੰਦਗੀ 'ਚੋਂ ਇਸ ਨਵੀਂ ਦੁਨੀਆਂ ਦੀ ਇਕ ਮਿਲ ਦੀ ਭਾਜੜ ਭਰੀ ਜ਼ਿੰਦਗੀ ਵਿਚ ਆ ਮਲੂਕਾ ਇਕੱਲਾ ਇਕੱਲਾ ਅਤੇ ਬੌਂਦਲਿਆ ਹੋਇਆ ਮਹਿਸੂਸ ਕਰਦਾ ਸੀ। ਉਹ "ਕੁੱਕ ਹਾਊਸ" ਦੀ ਤਾਕੀ ਥਾਣੀ ਮਲੂਕੇ ਨੂੰ ਦਰਿਆ ਵਲ ਇਕ ਖਾਲੀ ਨਿਗਾਹ ਨਾਲ ਝਾਕਦੇ ਨੂੰ ਦੇਖਦੇ ਰਿਹਾ ਸੀ।

ਨੱਥਾ ਸਿੰਘ ਨੇ ਬਜ਼ੁਰਗਾਨਾ ਤੁਅੱਲਕ ਨਾਲ ਮਲੂਕੇ ਨੂੰ ਕਿਹਾ, "ਮਲੂਕਿਆ ਤੂੰ ਜਵਾਨ ਆਂ ਤੇ ਜਵਾਨੀ ਇਕ ਦਰਿਆ ਵਾਂਗ ਹੁੰਦੀ ਹੈ ਜੋ ਹਮੇਸ਼ਾਂ ਅੱਗੇ ਵੱਲ ਹੀ ਵਹਿੰਦਾ ਹੈ।"

"ਪਰ ਦਰਿਆ ਕੋਲ ਵੀ ਯਾਦਾਂ ਨਹੀਂ ਹੁੰਦੀਆਂ", ਮਲੂਕੇ ਨੇ ਉਦਾਸੀ ਨਾਲ ਕਿਹਾ।

"ਇਸ ਕੋਲ ਯਾਦਾਂ ਹਨ", ਨੱਥਾ ਸਿੰਘ ਨੇ ਜ਼ੋਰ ਦੇ ਕੇ ਕਿਹਾ, "ਪਰ ਇਹ ਉਹਨਾਂ ਦੇ ਵਹਿਣਾਂ ਵਿਚ ਨਹੀਂ ਵਹਿੰਦਾ। ਇਹ ਉਹਨਾਂ ਨੂੰ ਚੁੱਪਚਾਪ ਆਪਣੇ ਵਹਾ ਵਿਚ ਸਮੇਟੀ ਵਗਦਾ ਹੈ। ਭਾਵੇਂ ਇਹ ਯਾਦਾਂ ਕਿੰਨੀਆਂ ਵੀ ਤਿੱਖੀਆਂ ਅਤੇ ਤਾਜ਼ਾ ਹੋਣ ਇਹ ਪਹਾੜ ਵਲ ਵਾਪਸ ਨਹੀਂ ਜਾ ਸਕਦਾ। ਇਸ ਲਈ ਇਹ ਗੀਝ ਗਾਉਂਦਾ ਸਮੁੰਦਰ ਵਿਚ ਜਾ ਡਿਗਦਾ ਹੈ।"

ਮਲੂਕਾ ਭਰੇ ਹੋਏ ਮਨ ਨਾਲ ਉਠਿਆ।

"ਮੇਰੇ ਵਲ ਦੇਖ", ਨੱਥਾ ਸਿੰਘ ਨੇ ਉਸਦੀ ਪਿੱਠ ਥਾਪੜਦਿਆਂ ਕਿਹਾ," ਮੈਂ ਦਿਨੋਂ ਦਿਨ ਬੁੱਢਾ ਹੋਈ ਜਾਂਦਾ ਹਾਂ ਫਿਰ ਵੀ ਮੈਂ ਭਵਿੱਖ ਵੱਲ ਦੇਖਦਾ ਹਾਂ। ਹਰ ਇਕ ਵਾਂਗ ਮੈਂ ਆਪਣਾ ਭੂਤ ਆਪਣੇ ਅੰਦਰ ਸਮੇਟੀ ਫਿਰਦਾਂ, ਅਤੇ ਕਦੇ ਕਦੇ ਇਸ ਦਾ ਭਾਰ ਬਹੁਤ ਭਾਰਾ ਲੱਗਣ ਲਗਦਾ ਪਰ ਮੈਂ ਉਸ ਬਾਰੇ ਬਾਹਲੀ ਚਿੰਤਾ ਨਹੀਂ ਕਰਦਾ।"

ਉਹ ਵੱਡੀ ਡੀਲ ਡੌਲ ਵਾਲਾ ਮਜ਼ਬੂਤ ਆਦਮੀ ਸੀ ਜਿਸਦੀ ਸਫਾਈ ਨਾਲ ਬੰਨ੍ਹੀ ਕਾਲੀ ਦਾਹੜੀ ਉਸ ਨੂੰ ਧੋਖਾ ਨਹੀਂ ਸੀ ਦਿੰਦੀ। ਦਾਹੜੀ ਉਹਨੇ ਮਾਲਕਾਂ ਨੂੰ ਬੇਵਕੂਫ ਬਨਾਉਣ ਲਈ ਰੰਗੀ ਹੋਈ ਸੀ ਕਿਉਂਕਿ ਉਹ ਇਕ ਬੁੱਢੇ ਆਦਮੀ ਨੂੰ ਕੰਮ ਤੇ ਨਹੀਂ ਸੀ ਰੱਖਦੇ।

ਮਲੂਕੇ ਨੂੰ ਉਸਦੀਆਂ ਗੱਲਾਂ ਸੁਣ ਹੌਸਲਾ ਅਤੇ ਬੱਲ ਮਿਲਿਆ।

"ਯੰਗ ਮੈਨ, ਸਿਰਫ ਪੰਜ ਘੰਟੇ ਹੋਰ ਰਹਿੰਦੇ ਆ" ਨੱਥਾ ਸਿੰਘ ਨੇ ਭਰਵੀਂ ਮੁਸਕਰਾਹਟ ਨਾਲ ਮਲੂਕੇ ਨੂੰ ਹੌਸਲਾ ਦਿੱਤਾ, "ਅੱਜ ਓਵਰਟਾਈਮ ਹੈ ਨਹੀਂ।"

ਛੇਤੀ ਹੀ ਉਹ ਕਾਲੀਆਂ ਪੱਗਾਂ ਅਤੇ ਦਾਹੜੀਆਂ ਅਤੇ ਨੀਲੀਆਂ ਡਾਂਗਰੀਆਂ ਪਾਈ 'ਲੰਬਰ ਯਾਰਡ' ਵਿਚ ਦੀ ਮਿਲ ਦੇ ਅੰਦਰ ਜਾਂ ਬਾਹਰ ਆਪਣੇ ਕੰਮਾਂ ਵਾਲੀ ਥਾਂ ਨੂੰ ਕਾਹਲੀ ਕਾਹਲੀ ਤੁਰੇ ਜਾਂਦੇ ਲੋਕਾਂ ਨਾਲ ਜਾ ਮਿਲੇ। ਯਾਰਡ ਦੇ ਦੂਜੇ ਪਾਸਿਓਂ ਚੀਨਿਆਂ ਦੇ 'ਕੁੱਕ-ਹਾਊਸ' ਵਿਚੋਂ ਕੰਮ ਕਰਨ ਵਾਲੇ ਚੀਨੇ (ਜਿਹਨੂੰ ਗੋਰੇ ਚਿੰਕਸ ਕਹਿੰਦੇ ਸਨ) ਆਉਂਦੇ ਦਿਖਾਈ ਦਿੱਤੇ ਅਤੇ ਗੋਰੇ ਕਾਮੇ ਗੋਰਿਆਂ ਦੇ ਬੰਕ ਹਾਊਸ 'ਚੋਂ, ਜੋ ਥੋੜੀ ਦੂਰ ਦਰਿਆ ਦੇ ਨੇੜੇ ਸੀ, ਵਿਚੋਂ ਨਿਕਲਦੇ ਦਿਖਾਈ ਦਿੱਤੇ।

ਦੋ ਮਿੰਟਾਂ ਵਿਚ ਮਿਲ ਦੇ ਸਾਰੇ ਦੇ ਸਾਰੇ ਆਰੇ, ਹੈਡ ਸਾਅ, ਐਜਰ ਦੇ ਛੋਟੇ ਅਤੇ ਤਾਕਤਵਰ ਆਰੇ, ਬੈਂਡ ਸਾਅ, ਰੀ-ਸਾਅ ਅਤੇ ਟਰਿਮ ਸਾਅ, ਆਰਿਆਂ ਦੀ ਲੰਬੀ ਕਤਾਰ ਜਿਹੜੀ ਗੋਲੀ ਦੇ ਸਿਰਿਆਂ ਦੀ ਮਾੜੀ ਲੱਕੜ ਨੂੰ ਅੱਗ ਬਾਲਣ ਲਈ ਛੋਟੇ ਛੋਟੇ ਹਿੱਸਿਆਂ ਵਿਚ ਕੱਟਦੀ ਸੀ, ਸਭ ਆਪਣੀ ਪੂਰੀ ਰਫਤਾਰ ਨਾਲ ਘੁੰਮਣ ਅਤੇ ਘੂਕਣ ਲੱਗੇ। ਵੱਖਰੀਆਂ ਚੇਨਾਂ ਦੀ ਚੀਂ ਚੀਂ ਅਤੇ ਟੁਣਕਾਰ ਨਾਲ ਅਤੇ ਰੋਲਰਾਂ ਦੀ ਘੂਕਰ ਨਾਲ ਮਿਲ ਅੰਦਰ ਏਨਾ ਰੌਲਾ ਵਧ ਗਿਆ ਕਿ ਦੁਪਹਿਰ ਬਾਦ ਦਾ ਕੰਮ ਸ਼ੁਰੂ ਕਰਨ ਦੀ ਲੰਮੀ ਸੀਟੀ ਮਸਾਂ ਹੀ ਸੁਣੀ।

ਫਰ ਦੇ ਸੋਹਣੇ ਦਰੱਖਤ ਜਿਹੜੇ ਕਦੇ ਜੰਗਲ ਵਿਚ ਭਗਤਾਂ ਵਾਂਗ ਸਿੱਧੇ ਖੜੋਤੇ ਸਨ ਹੁਣ ਰੁੰਡ ਮਰੁੰਡ ਹੋਏ ਲਾਸ਼ਾਂ ਵਾਂਗ ਗੋਲੀਆਂ ਵਾਲੇ ਅੱਡੇ ਤੇ ਪਏ ਸਨ। 'ਸਾਅਇਰ' (ਲੱਕੜੀ ਚੀਰਨ ਵਾਲਾ) ਇਕ ਲੀਵਰ ਨੂੰ ਹਿਲਾਉਣ ਨਾਲ ਵਾਰੋ ਵਾਰੀ ਹਰ ਗੋਲੀ ਨੂੰ 'ਕੈਰਿਜ' ਤੇ ਚਾੜ੍ਹਦਾ, ਤੇ ਭਾਫ਼ ਨਾਲ ਚਲਣ ਵਾਲੇ 'ਨਿੱਗਰ' ਦੀ ਮੱਦਦ ਨਾਲ ਰੁੱਖਸਿਰ ਕਰਦਾ ਅਤੇ 'ਡੌਗਰ' ਦੀ ਮਦਦ ਨਾਲ ਉਹਨੂੰ ਉਥੇ ਥਾਂ ਸਿਰ ਰੱਖਦਾ ਹੋਇਆ ਗੋਲੀ ਨੂੰ ਤੇਜ਼ੀ ਨਾਲ 'ਹੈੱਡ ਸਾਅ' ਵਲ ਚੀਰਨ ਲਈ ਲੈ ਜਾਂਦਾ। ਹੈੱਡ ਸਾਅ ਗੋਲੀ ਨੂੰ 'ਸਲੈਬਾਂ', ਮੋਟੇ ਮੋਟੇ ਅਤੇ ਚੌੜੇ ਸ਼ਤੀਰਾਂ, ਅਤੇ ਰੇਤ ਵਾਂਗ ਉਡਦੇ ਬੂਰੇ ਵਿਚ ਕੱਟੀ ਜਾਂਦਾ। ਸਿਰਫ ਗੋਲੀ ਦਾ ਲਾਲ ਭੂਰਾ ਵਿਚਲਾ ਹਿਸਾ ਹੀ ਅਗਾਂਹ ਦੀ ਕੱਟ ਵੱਢ ਤੋਂ ਬਚਦਾ, 'ਰੋਲਰਾਂ' ਦੀ ਲੰਬੀ ਕਤਾਰ ਉਤੋਂ ਦੀ ਹੁੰਦਾ ਹੋਇਆ ਸ਼ਾਨ ਨਾਲ ਮਿਲ ਦੇ ਬਾਹਰ ਚਲਾ ਜਾਂਦਾ। ਬਾਕੀ ਹਿੱਸੇ ਵੱਖ ਵੱਖ ਮਸ਼ੀਨਾਂ ਵਿਚ ਦੀ ਹੁੰਦੇ ਹੋਏ ਉਸ ਦਿਨ ਦੇ ਆਰਡਰ ਮੁਤਾਬਕ ਆਪਣਾ ਰੂਪ ਬਦਲਦੇ ਆਖਿਰ ਨੂੰ ਚੇਨ ਤੇ ਆ ਡਿਗਦੇ। ਖੁਰਦਰੇ ਸਿਰਿਆਂ ਦੇ ਵੱਢ ਹੋਣ ਤੋਂ ਬਾਅਦ ਫੱਟੇ, ਗੰਜੇ ਸਿਰ ਅਤੇ ਸਟੀਲ ਦੇ ਫਰੇਮ ਵਾਲੀਆਂ ਐਨਕਾਂ ਵਾਲੇ ਗਰੀਕੀ ਗਰੇਡਰ, ਗੱਸ ਕੋਲ ਆ ਪਹੁੰਚਦੇ, ਜਿਹੜਾ, ਆਪਣੇ ਕਾਲੇ ਚਾਕ ਨਾਲ ਉਹਨਾਂ ਉਪਰ ਵੱਖ-ਵੱਖ ਨਿਸ਼ਾਨ ਲਾਉਂਦਾ ਤੇ ਇਹਨਾਂ ਨਿਸ਼ਾਨ ਲੱਗਿਆਂ ਫੱਟਿਆਂ ਨੂੰ ਸਿੱਖ ਮਜ਼ਦੂਰ 'ਗਰੀਨ ਚੇਨ' ਦੇ ਦੋਵੇਂ ਪਾਸੇ ਖੜ੍ਹੀਆਂ ਪਹੀਆਂ ਵਾਲੀਆਂ ਰੇੜ੍ਹੀਆਂ ਵਿਚ ਖਿਚ ਕੇ ਰੱਖਦੇ।

ਮਲੂਕੇ ਦਾ ਕੰਮ ਚੇਨ ਤੋਂ ਪਾਣੀ ਨਾਲ ਗੜੁੱਚ ਅਤੇ ਅੱਧ ਗਲੀ ਨਖਿੱਧ ਲੱਕੜ ਨੂੰ ਖਿਚਣ ਦਾ ਸੀ। ਜਦੋਂ 'ਗੋਲੀਆਂ' ਮਾੜੀਆਂ ਹੁੰਦੀਆਂ ਤਾਂ ਇਹ ਨਖਿੱਧ ਲੱਕੜ ਜ਼ਿਆਦਾ ਮਾਤਰਾ ਵਿਚ ਚੇਨ 'ਤੇ ਆਉਂਦੀ।

'ਗਰੀਕੀ ਨੂੰ ਚੱਜ ਨਾਲ ਦਿਸਦਾ ਨਹੀਂ', ਮਲੂਕੇ ਦੀ ਮਦਦ ਕਰਨ ਆਏ ਨੱਥਾ ਸਿੰਘ ਨੇ ਦੱਸਿਆ। "ਉਹ ਨਖਿੱਧ ਲੱਕੜੀ ਤੇ "C" ਦਾ ਨਿਸ਼ਾਨ ਲਾਈ ਜਾਂਦਾ ਏ ਜਦ ਕਿ ਉਹਨੂੰ "R" ਦਾ ਨਿਸ਼ਾਨ ਲਾਉਣਾ ਚਾਹੀਦਾ।"

"ਹਾਂ ਇਸ ਵਿਚ ਕੁੱਝ ਚੰਗੀਆਂ ਲੱਕੜਾਂ ਵੀ ਹਨ", ਮਲੂਕੇ ਨੇ ਸਹਿਮਤ ਹੁੰਦਿਆਂ ਕਿਹਾ। "ਅਸੀਂ ਕਈ ਜਿਹੜੇ ਅੱਠਾਂ-ਅੱਠਾਂ, ਦਸਾਂ-ਦਸਾਂ ਸਾਲ ਦੇ 'ਗਰੀਨ ਚੇਨ' ਤੇ ਕੰਮ ਕਰਦੇ ਆਂ, ਗੱਸ ਨਾਲੋਂ ਵਧੀਆ 'ਗਰੇਡਿੰਗ' ਕਰ ਸਕਦੇ ਆਂ", ਰੇੜ੍ਹੀ ਤੇ ਫੱਟੇ ਠੀਕ ਕਰਦਿਆਂ ਨੱਥਾ ਸਿੰਘ ਨੇ ਗੱਲ ਅਗੇ ਤੋਰੀ। "ਪਰ ਸਾਨੂੰ ਜਾਂ ਕਿਸੇ ਹੋਰ ਏਸ਼ੀਅਨ ਨੂੰ ਇਹ ਕਦੇ ਵੀ 'ਗਰੇਡਰ' ਜਾਂ ਯਾਰਡ ਵਿਚ 'ਟਾਲੀ ਮੈਨ' ਨਹੀਂ ਰੱਖਣਗੇ ਭਾਵੇਂ ਉਹ ਕਿੰਨਾ ਵੀ ਵਧੀਆ ਕੰਮ ਜਾਣਦਾ ਹੋਵੇ। ਨਾ ਹੀ ਉਹਨਾਂ ਨੂੰ ਮਸ਼ੀਨ ਚਲਾਉਣ ਦੀ ਆਗਿਆ ਹੈ", ਉਹ ਥੋੜ੍ਹਾ ਚਿਰ ਰੁਕ ਕੇ ਬੜੀ ਉਦਾਸੀ ਨਾਲ ਬੋਲਿਆ ਜਿਵੇਂ ਕਿਸੇ ਪਹੁੰਚ ਤੋਂ ਬਾਹਰ ਵਾਲੀ ਚੀਜ਼ ਬਾਰੇ ਗੱਲਬਾਤ ਕਰ ਰਿਹਾ ਹੋਵੇ।

ਮਲੂਕੇ ਨੂੰ ਇਹ ਗੱਲ ਬੜੀ ਓਪਰੀ ਲੱਗੀ ਪਰ ਉਹ ਚੁੱਪ ਰਿਹਾ। ਉਹ ਤੇਜ਼ ਚਲਦੀ ਚੇਨ ਤੋਂ ਆਪਣੇ ਨਿਸ਼ਾਨ ਵਾਲੇ ਫੱਟੇ ਖਿਚਣ ਵਿਚ ਹੀ ਰੁਝਿਆ ਹੋਇਆ ਸੀ ਅਤੇ ਚੇਨ ਕਿਸਮਤ ਵਾਂਗ ਅਟੱਲ ਅਤੇ ਅਮੋੜ ਚੱਲੀ ਜਾ ਰਹੀ ਸੀ। ਜੇ ਕੋਈ 'ਫੱਟਾ' ਉਸਦੇ ਕੋਲੋਂ ਲੰਘ ਕੇ ਚੇਨ ਦੇ ਸਿਰੇ ਤੋਂ ਹੇਠਾਂ ਡਿੱਗ ਪੈਂਦਾ ਤਾਂ ਉਸ ਨੂੰ ਬੜੀ ਸ਼ਰਮ ਮਹਿਸੂਸ ਹੁੰਦੀ। ਸ਼ਰਮ ਦੇ ਨਾਲ ਨਾਲ, ਫੱਟੇ ਨੂੰ ਚੇਨ ਦੇ ਸਿਰੇ ਤੋਂ ਚੁੱਕ ਸਹੀ ਰੇੜ੍ਹੀ ਤੇ ਰੱਖਣਾ ਪੈਂਦਾ ਸੀ ਜਿਸ ਨਾਲ ਕੰਮ ਵੱਧ ਜਾਂਦਾ ਸੀ।

ਨੱਥਾ ਸਿੰਘ ਦੀ ਗੱਲਬਾਤ ਵਿਚ ਗੁੱਸਾ ਜਾਂ ਈਰਖਾ ਨਹੀਂ ਸੀ। ਕੰਮਾਂ ਤੇ ਹੁੰਦੇ ਏਡੇ ਵਿਤਕਰੇ ਬਾਰੇ ਉਸ ਇਸ ਤਰ੍ਹਾਂ ਗੱਲ ਕੀਤੀ ਜਿਵੇਂ ਉਹ ਮੌਸਮ ਬਾਰੇ ਗੱਲ ਕਰ ਰਿਹਾ ਹੋਵੇ। ਉਸਦੀ ਅਵਾਜ਼ ਵਿਚ ਰੋਸੇ ਦਾ ਨਿਸ਼ਾਨ ਤੱਕ ਨਹੀਂ ਸੀ। ਉਹ ਖੁਸ਼ ਸੀ ਕਿ ਉਸਦਾ ਕੰਮ ਛੱਤ ਥੱਲੇ ਹੈ ਭਾਵੇਂ ਕਿ ਇਹ ਕੰਮ ਉਸਦੀ ਉਮਰ ਦੇ ਆਦਮੀ ਲਈ ਕਾਫੀ ਸਖਤ ਸੀ। ਇਸ ਇਲਾਕੇ ਵਿਚ ਮੀਂਹ ਕਾਫੀ ਪੈਂਦੇ ਸਨ ਜਿਸ ਕਰਕੇ ਕਦੇ ਕਦੇ ਹਵਾ ਵਿਚ ਸਿੱਲ੍ਹ ਦੀ ਮਾਤਰਾ ਕਾਫ਼ੀ ਵੱਧ ਜਾਂਦੀ। ਇਹ ਸਿੱਲ੍ਹ ਉਹਦੇ ਗਠੀਏ ਦੇ ਰੋਗ ਲਈ ਮਾੜੀ ਸੀ ਇਸੇ ਕਰਕੇ ਉਹ ਬਾਹਰ ਖੁਲ੍ਹੇ ਅਸਮਾਨ ਹੇਠ ਕੰਮ, ਜਿਹੜਾ ਗਰੀਨ ਚੇਨ ਦੇ ਕੰਮ ਤੋਂ ਸੌਖਾ ਸੀ, ਨਹੀਂ ਸੀ ਕਰ ਸਕਦਾ। ਉਸਨੂੰ ਘੰਟੇ ਦੇ ਪੱਚੀ ਸੈਂਟ ਮਿਲਦੇ ਸਨ ਜਿਹੜੇ ਬਾਹਰ 'ਯਾਰਡ' ਵਿਚ ਕੰਮ ਕਰਨ ਵਾਲਿਆਂ ਨਾਲੋਂ ਤਿੰਨ ਸੈਂਟ ਅਤੇ ਮਲੂਕੇ ਨਾਲੋਂ ਸੱਤ ਸੈਂਟ ਜ਼ਿਆਦਾ ਸਨ। ਗੋਰਿਆਂ ਨੂੰ ਇਸ ਹੀ ਕੰਮ ਦੇ ਪੰਜ ਤੋਂ ਅੱਠ ਸੈਂਟ ਤਕ ਵੱਧ ਮਿਲਦੇ ਸਨ। ਉਸਨੂੰ ਮਿਲਦੀ ਮਹੀਨੇ ਦੀ ਤਨਖਾਹ, ਭਾਰਤੀ ਅੰਗਰੇਜ਼ ਫੌਜ

→

AUTOPAC
PROTECTING MANITOBANS ON THE MOVE

# Dorion Insurance Agency

ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ ਡੋਰੀਅਨ ਇਨਸ਼ੋਰੈਂਸ ਏਜੰਸੀ

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ • ਵਿਉਪਾਰ • ਕਾਰ ਤੇ ਟਰੱਕ • ਜੀਵਨ ਬੀਮਾ • ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ
- ਬੀਮਾਰ ਹੋ ਜਾਣ ਤੇ। • ਆਟੋ ਪੈਕ ਰੀਨੀਊ ਕਰਾਉਣ ਲਈ • ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

ਕੁਲਵੰਤ ਸਿੰਘ ਬਰਾੜ ਫੋਨ : 772-3301 775-1061

## AJANTA TRAVELS

ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ


Kulwant S. Brar
Manager & Owner

# Success Through Service & Experience

AWARD WINNER
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**
Without any obligation, contact

Buying, Selling or Trading

ਮਕਾਨ ਵੇਚਣ ਜਾਂ ਖ਼ੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8


Ajaib S. Janda

# MINT
# AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਓ


Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# ਇਹ ਸਾਡਾ ਪੰਜਾਬ

ਸਰਵਣ ਸਿੰਘ



ਪੁਲੀਸ ਪਾਰਟੀ ਪੂਰੀ ਖੁਸ਼ ਸੀ। ਉਹਦੀ ਗਸ਼ਤ ਅੱਜ ਪੂਰੀ ਕਾਮਯਾਬ ਰਹੀ ਸੀ। ਘੰਟੇ ਕੁ ਦੇ ਇਕੋ ਗੇੜੇ ਵਿਚ ਤਿੰਨ ਜੁਗਾੜ ਬਣ ਗਏ ਸਨ। ਇਕ ਜੁਗਾੜ 'ਚੋਂ ਨੋਟਾਂ ਦੀ ਗੁੱਥੀ ਹੱਥ ਆਈ, ਦੂਜੇ 'ਚੋਂ ਦੇਸੀ ਦਾਰੂ ਦੀ ਨਿਤਰਵੀਂ ਕੇਨੀ ਤੇ ਤੀਜੇ 'ਚੋਂ ਤੀਹ ਕੁ ਵਰ੍ਹਿਆਂ ਦਾ 'ਅਤਿਵਾਦੀ'। ਦਿਹਾੜੀ ਮਾੜੀ ਨਹੀਂ ਸੀ ਰਹੀ ਅਮਨ ਕਾਨੂੰਨ ਕਾਇਮ ਰੱਖਣ ਦਾ ਫਰਜ਼ ਸੋਹਣਾ ਨਿਭ ਗਿਆ ਸੀ। ਇਸੇ ਖੁਸ਼ੀ ਵਿਚ ਥਾਣੇ ਦਾ ਅਮਲਾ ਪਹਿਲੋਂ ਹਵਾ ਪਿਆਜ਼ੀ ਤੋਂ ਪਿਛੋਂ ਗੁਲਾਬੀ ਹੋਣਾ ਸ਼ੁਰੂ ਹੋ ਗਿਆ। ਆਖ਼ਰ ਭੱਜ-ਭਜਾਈ ਤੇ ਮਾਰ-ਭਕਾਈ ਦੀ ਥਕਾਵਟ ਵੀ ਤਾਂ ਲਾਹੁਣੀ ਸੀ।

ਥਕਾਵਟ ਲਾਹੁਣ ਤੇ ਖੁਸ਼ੀ ਮਨਾਉਣ ਲਈ ਤਿੰਨੇ ਸ਼ੈਆਂ ਕੋਲ ਸਨ। ਪਹਿਲੇ ਤੋੜ ਦੀ ਦਾਰੂ, ਮੱਛੀ-ਮੁਰਗੇ ਲਈ ਨਕਦ ਨਾਵਾਂ ਤੇ ਤਰੱਕੀ ਲੈਣ ਲਈ ਅਤਿਵਾਦੀ। ਅਤਿਵਾਦੀ ਤਾਂ ਰਾਤ ਨੂੰ ਨਸ਼ਈ ਥਾਣੇ ਦੇ ਮਨੋਰੰਜਨ ਦਾ ਸਾਧਨ ਹੀ ਬਣ ਗਿਆ ਸੀ।

ਗੱਲ ਸਾਰੀ ਇਉਂ ਹੋਈ। ਸ਼ਾਮ ਦੇ ਪੰਜ ਕੁ ਵਜੇ ਇਕ ਪੇਂਡੂ ਥਾਣੇ ਦੀ ਪੁਲੀਸ ਪਾਰਟੀ ਬੰਦੂਕਾਂ ਨਾਲ ਲੈਸ ਹੋ ਕੇ ਜੀਪ ਵਿਚ ਗਸ਼ਤ ਉਤੇ ਨਿਕਲੀ। ਦਿਹਾੜੀ ਬਣਾਉਣ ਲਈ ਉਨ੍ਹਾਂ ਕੋਲ ਦੋ ਮੁਖਬਰੀਆਂ ਪਹੁੰਚੀਆਂ ਹੋਈਆਂ ਸਨ। ਪਹਿਲਾਂ ਉਨ੍ਹਾਂ ਨੇ ਡੋਡਿਆਂ ਦੀ ਮੁਖਬਰੀ ਨਿਬੇੜੀ। ਅਗਲਿਆਂ ਦਾ ਬੋਰਾ ਉਵੇਂ ਜਿਵੇਂ ਕਮਾਦ 'ਚ ਪਿਆ ਸੀ। ਪਿਛੋਂ ਪਤਾ ਨਹੀਂ ਉਹ ਕਿੰਨੇ ਦਾ ਲਿਆਏ ਸਨ ਪਰ ਅਚਾਨਕ ਛਾਪਾ ਪੈ ਜਾਣ ਕਾਰਨ ਉਹ ਉਨ੍ਹਾਂ ਨੂੰ ਡੂਢੇ ਦੂਣੇ ਭਾਅ ਪਿਆ। ਗੱਲ ਤਿੰਨ ਹਜ਼ਾਰ 'ਤੇ ਨਿਬੜੀ। ਤਿੰਨ ਹਜ਼ਾਰ ਰੁਪਿਆ ਬੋਝੇ ਪਾ ਕੇ ਪਾਰਟੀ ਨਾਜਾਇਜ਼ ਸ਼ਰਾਬ ਦੀ ਭੱਠੀ ਵੱਲ ਗਈ।

ਭੱਠੀ ਵਾਲੇ ਅਗੋਂ ਬੰਦੇ ਹੀ ਘਰ ਦੇ ਨਿਕਲੇ। 'ਗਾਂਹ ਦੀ 'ਗਾਂਹ ਵੱਡੇ ਥਾਣੇਦਾਰ ਦੇ ਸਕੀਰੀਦਾਰ ਹੀ ਨਿਕਲ ਆਏ। ਸਕੀਰੀਦਾਰਾਂ ਕੋਲ ਕੋਈ ਪੀਂਦਾ ਖਾਂਦਾ ਤਾਂ ਚੰਗਾ ਲਗਦਾ ਹੈ ਪਰ ਪੈਸੇ ਬਟੋਰਦਾ ਨਹੀਂ। ਪੁਲੀਸ ਪਾਰਟੀ ਨੇ ਵੀ ਇਹੋ ਕੁਝ ਕੀਤਾ। ਉਹਨੇ ਅਪਣੱਤ ਜਤਾਉਂਦਿਆਂ ਦੋ ਕੁ ਹਾੜੇ ਲਾਏ ਤੇ ਘਰ ਦੀ ਕੱਢੀ ਦੀ ਸਿਫਤ ਸਲਾਹ ਕਰਦਿਆਂ ਇਕ ਕੇਨੀ ਸਾਰੇ ਥਾਣੇ ਨੂੰ ਸੁਆਦ ਵਿਖਾਉਣ ਲਈ ਜੀਪ 'ਚ ਰਖਾ ਲਈ। ਜੀਪ ਤੁਰੀ ਤਾਂ ਸਰੂਰ ਵਿਚ ਹਵਾ ਪਾਰਟੀ ਨੂੰ ਕੁਤਕੁਤਾੜੀਆਂ ਕੱਢਦੀ ਮਹਿਸੂਸ ਹੋਈ। ਹੁਣ ਇਕੋ ਕਸਰ ਸੀ ਕਿ ਗਸ਼ਤੀ ਗੇੜੇ ਵਿਚ ਕੋਈ ਬੰਦਾ ਵੀ ਟੱਕਰ ਜਾਵੇ ਜੀਹਨੂੰ ਉਹ ਅਮਨ ਕਾਨੂੰਨ ਕਾਇਮ ਰੱਖਣ ਦੇ ਖਾਤੇ ਪਾ ਸਕਣ।

ਇਹ ਸਬੱਬ ਵੀ ਰਾਹ ਵਿਚ ਹੀ ਬਣ ਗਿਆ। ਨਵੇਂ ਪਿੰਡ ਵਾਲਾ ਦਿਆਲਾ ਕਮਲਾ ਬੂਦਾਂ ਖਿਡਾਈ ਪੁਲ 'ਤੇ ਬੈਠਾ ਹਵਾ ਨੂੰ ਗਾਲ੍ਹਾਂ ਕੱਢੀ ਜਾ ਰਿਹਾ ਸੀ। ਪੁਲੀਸ ਪਾਰਟੀ ਨੇ ਜੀਪ ਰੋਕ ਕੇ ਆਸਾ ਪਾਸਾ ਵੇਖਿਆ। ਜਦੋਂ ਉਹਦੀ ਤਸੱਲੀ ਹੋ ਗਈ ਕਿ ਕੋਈ ਅਤਿਵਾਦੀ ਪੁਲ ਦੇ ਏਧਰ ਓਧਰ ਨਹੀਂ ਤਾਂ ਉਨ੍ਹਾਂ ਨੇ ਜੀਪ ਅਗੇ ਤੋਰੀ ਤੇ ਦਿਆਲੇ ਦੀ 'ਪੁੱਛਗਿਛ' ਕਰਨੀ ਸ਼ੁਰੂ ਕੀਤੀ। ਪੰਜ ਸੱਤ ਮਿੰਟਾਂ ਵਿਚ ਹੀ ਪਾਰਟੀ ਨੂੰ ਪਤਾ ਲੱਗ ਗਿਆ ਕਿ ਕਮਲਾ ਬਣਿਆ ਬੰਦਾ ਇਨਾਮੀ ਗਰਾਮੀ 'ਅਤਿਵਾਦੀ' ਸੀ। ਉਨ੍ਹਾਂ ਨੇ ਦਿਆਲੇ ਨੂੰ ਨੂੜ ਕੇ ਜੀਪ ਵਿਚ ਸੁੱਟਿਆ ਤੇ ਆਪਣੇ ਡੇਰੇ ਅਪੜੇ। ਪਾਰਟੀ ਦੀ ਕਾਰਗੁਜ਼ਾਰੀ ਉਤੇ ਸਾਰੇ ਅਮਲੇ ਫੈਸਲੇ ਨੂੰ ਚਾਅ ਜਿਹਾ ਚੜ੍ਹ ਗਿਆ। ਵੱਡੀ ਖੁਸ਼ੀ ਦੀ ਇਹ ਗੱਲ ਸੀ ਕਿ ਇਕ ਵੱਡਾ ਅਤਿਵਾਦੀ ਬਿਨਾਂ ਮੁਕਾਬਲੇ ਹੱਥ ਆ ਗਿਆ ਸੀ। ਅਤਿਵਾਦੀ ਹੁਣ ਥਾਣੇ ਦੇ ਹੱਥਾਂ ਵਿਚ ਸੀ ਤੇ ਰਾਤ ਥਾਣੇ ਦੀ ਆਪਣੀ ਸੀ।

ਪਹਿਲਾਂ ਤਾਂ ਥਾਣਾ ਕੇਨੀ 'ਚੋਂ ਘੁੱਟ ਘੁੱਟ ਪੀ ਕੇ ਠੀਕ ਠਾਕ ਹੋਇਆ। ਠੀਕ ਠਾਕ ਹੋ ਕੇ ਪੰਜ ਸੱਤ ਜਣੇ ਦਿਆਲੇ ਕਮਲੇ ਦੇ ਆ ਉਦਾਲੇ ਹੋਏ। ਥਾਣੇਦਾਰ ਨੇ ਪੁੱਛਿਆ, "ਬੋਲ ਕਿੰਨੇ ਕਤਲ ਕੀਤੇ ਆ ?"

ਕਮਲੇ ਨੇ ਕਿਹਾ, "ਸੌ"।

"ਕਿੰਨੀਆਂ ਸਟੇਨਗੰਨਾਂ ਤੇਰੇ ਕੋਲ ?"

'ਤੀਹ"।

"ਕਿੱਥੇ ਕਿੱਥੇ ਰੱਖੀਆਂ ਹੋਈਆਂ ?"

"ਲਾਹੌਰ ਦੇ ਕਿਲੇ 'ਚ।"

ਥਾਣੇਦਾਰ ਜਿਹੜਾ ਸੁਆਲ ਪੁੱਛਦਾ ਦਿਆਲਾ ਕਮਲਾ ਤੜੱਕ ਜਵਾਬ ਦਿੰਦਾ। ਵਿਚੇ ਇਹ ਹੱਸੀ ਜਾਂਦਾ ਤੇ ਵਿਚੇ 'ਵਾ ਨੂੰ ਗਾਲ੍ਹਾਂ ਕੱਢੀ ਜਾਂਦਾ।

ਵਿਚੋਂ ਇਕ ਸਿਪਾਹੀ ਨੇ ਖਦਸ਼ਾ ਪ੍ਰਗਟ ਕੀਤਾ, "ਮੈਨੂੰ ਤਾਂ ਇਹ ਪਾਗਲ ਲਗਦਾ। ਇਹਦੀ ਝਾਕਣੀ ਵੀ ਕਮਲਿਆਂ ਵਰਗੀ ਆ। ਆਪਾਂ ਇਹਨੂੰ ਅੰਦਰ ਡੱਕ ਦਈਏ ਤੇ ਭਲਕੇ ਇਹਦੇ ਪਿੰਡੋਂ ਪਤਾ ਕਰ ਕੇ ਇਹਦੀ ਪੁੱਛਗਿਛ ਕਰੀਏ।"

ਇਕ ਹੌਲਦਾਰ ਨੇ ਕਿਹਾ, "ਮਸਾਂ ਮੁਜਰਮ ਹੱਥ ਆਇਆ। ਇਹ ਪਾਗਲ ਹੋਣ ਦਾ ਡਰਾਮਾ ਕਰਦੇ। ਭਲਕੇ ਤਾਂ ਇਹਨੂੰ ਛੁਡਾਉਣ ਵਾਲੇ ਵੀ ਅੱਪੜ ਜਾਣਗੇ। ਅੱਜ ਰਾਤ ਨੂੰ ਈ ਕੱਢੋ ਇਹਦੇ 'ਚੋਂ ਜਿਹੜਾ ਕੁਝ ਕੱਢਣੈ।"

ਹੌਲਦਾਰ ਦੇ ਸੁਝਾਅ 'ਤੇ ਦਿਆਲੇ ਦਾ ਪਰਾਗਾ ਪੈਣ ਲੱਗਾ। ਉਹ ਕੁੱਟ ਖਾਂਦਾ ਅਤਿਵਾਦੀਆਂ ਦੇ ਨਾਂ ਵੀ ਗਿਣਾਈ ਗਿਆ ਤੇ ਪਿੰਡ ਵੀ ਦੱਸੀ ਗਿਆ। ਪਰ 'ਵਾ ਨੂੰ ਗਾਲ੍ਹਾਂ ਕੱਢਣੋਂ ਉਹ ਫੇਰ ਵੀ ਨਾ ਹਟਿਆ। ਹੌਲੀ ਹੌਲੀ ਥਾਣੇ ਵਾਲੇ ਉਹਦੇ ਵਿਵਹਾਰ ਉਤੇ ਹੱਸਣ ਲੱਗੇ। ਜਿਵੇਂ ਕਮਲਿਆਂ ਦੀਆਂ ਹਰਕਤਾਂ ਕਈ ਵਾਰ ਸਿਆਣਿਆਂ ਨੂੰ ਹਸਾਉਣੀਆਂ ਲਗਦੀਆਂ ਹਨ ਉਵੇਂ ਦਿਆਲਾ ਥਾਣੇ ਵਾਲਿਆਂ ਲਈ ਹਸਾਉਣਾ ਪਾਤਰ ਬਣ ਗਿਆ।

ਹੁਣ ਥਾਣੇ ਲਈ ਦੋ ਰਾਹ ਸਨ ਸਾਹਮਣੇ। ਜਾਂ ਤਾਂ ਉਹ ਦਿਆਲੇ ਨੂੰ ਕਮਲਾ ਸਮਝ ਕੇ ਬਖਸ਼ ਦਿੰਦੇ ਤੇ ਜਾਂ ਆਪਣਾ ਸਿਲਸਿਲਾ ਜਾਰੀ ਰੱਖਦੇ। ਕੇਨੀ ਅੱਧੀ ਹੋ ਗਈ ਸੀ ਤੇ ਦਾਰੂ ਇੰਨੀ ਤੇਜ਼ ਸੀ ਕਿ ਥਾਣੇ ਦਾ ਚਿੱਤ ਸਿਲਸਿਲਾ ਜਾਰੀ ਰੱਖਣ 'ਚ ਹੀ ਪਰਚਿਆ ਰਿਹਾ। ਉਹ ਮੁੜ ਮੁੜ ਲਾਏ ਹਾੜੇ ਦਿਆਲੇ ਉਤੇ ਖੇੜਦੇ ਰਹੇ ਤੇ ਦਿਆਲੇ ਦਾ ਹੁਲੀਆ ਵਿਗੜਦਾ ਗਿਆ। ਕਿਸੇ ਨੇ ਛਿੱਤਰ, ਕਿਸੇ ਨੇ ਘੋਟਣਾ ਤੇ ਕਿਸੇ ਨੇ ਮੰਜਾ ਲਾ ਕੇ ਚਿੱਤ ਰਾਜ਼ੀ ਕੀਤਾ ਤੇ ਕਿਸੇ ਨੇ ਉਂਜ ਹੀ ਠੁੱਡਿਆਂ ਨਾਲ ਮਧੋਲ ਮਧਾਲ ਸੁੱਟਿਆ। ਦਿਆਲਾ ਤਾਂ ਰੱਬੋਂ ਕਮਲਾ ਸੀ ਪਰ ਥਾਣਾ ਕੇਨੀ ਨੇ ਕਮਲਾ ਕਰ ਛੱਡਿਆ। ਜਦੋਂ ਦਿਆਲਾ ਅਸਲੋਂ ਨਿਢਾਲ ਹੋ ਗਿਆ ਤੇ ਹੁੱਝੇ ਮਾਰੇ ਤੋਂ ਵੀ ਉਹਦੀ ਮਿਆਂਕ ਨਿਕਲਣੋਂ ਹਟ ਗਈ ਤਾਂ ਥਾਣੇ ਦੀ ਵੀ ਉਹਨੂੰ ਹੋਰ ਮਾਰਨ ਕੁੱਟਣ ਵਿਚ ਦਿਲਚਸਪੀ ਮੁੱਕ ਗਈ। ਕੇਨੀ ਵੀ ਥੰਨੇ ਲੱਗ ਗਈ ਸੀ। ਹੱਡਾਂ ਦਾ ਚੀੜ੍ਹਾ ਹੋਣ ਕਾਰਨ ਦਿਆਲਾ ਕਮਲਾ ਕਿਸੇ ਫਿਲਮ ਦੇ ਸ਼ੋਅ ਨਾਲੋਂ ਵੀ ਵੱਧ ਸਮਾਂ ਥਾਣੇ ਦਾ 'ਮਨੋਰੰਜਨ' ਕਰਾ ਗਿਆ।

ਸਵੇਰ ਦਾ ਚਾਨਣ ਹੋਇਆ ਤਾਂ ਦਿਆਲਾ ਇਕ ਖੁੰਜੇ ਗਠੜੀ ਜਿਹੀ ਬਣਿਆ ਪਿਆ ਸੀ। ਠਾਰੀ ਵਿਚ ਕਮਲਿਆਂ ਵਰਗੀਆਂ ਖੜ੍ਹਵੀਆਂ ਉਹਦੀਆਂ ਅੱਖਾਂ ਟੱਡੀਆਂ ਦੀਆਂ ਟੱਡੀਆਂ ਪਈਆਂ ਸਨ। ਬੱਗੀਆਂ ਬੱਗੀਆਂ ਅੱਖਾਂ! ਇਕ ਖੌਫਨਾਕ ਝਾਕਣੀ !! ਰਾਤੀਂ ਉਹ ਕਮਲਾ ਲੱਗਦਾ ਸੀ ਪਰ ਹੁਣ ਸੱਚਮੁਚ ਹੀ ਅਤਿਵਾਦੀ ਦਿਸਣ ਲਗ ਪਿਆ ਸੀ। ਪਿੰਡੇ ਦੇ ਨੀਲ ਤੇ ਝਰੀਟਾਂ ਤੋਂ ਬਿਨਾਂ ਉਹਦੀਆਂ ਨਾਸਾਂ ਮੂਹਰੇ ਖੂਨ ਜੰਮਿਆ ਹੋਇਆ ਸੀ।

ਥਾਣੇ ਨੇ ਉਹਦੀ ਸ਼ਕਲ ਵੇਖੀ ਤਾਂ ਪਲ ਦਾ ਪਲ ਭੈਅਭੀਤ ਹੋਇਆ ਪਰ ਛੇਤੀ ਹੀ ਉਹਨੇ ਆਪਣਾ ਸਿਲਸਿਲਾ ਸ਼ੁਰੂ ਕਰ ਲਿਆ। ਪੁਲ ਵੱਲ ਜੀਪ ਤੋਰੀ ਗਈ ਤੇ ਉਤੇ ਵਾਇਰਲੈਸ ਖੜਕਾਈ। ਰੇਡੀਓ-ਟੈਲੀਵੀਜ਼ਨ ਨੇ ਆਪਣਾ ਰੋਲ ਅਦਾ ਕੀਤਾ। ਅਖ਼ਬਾਰਾਂ 'ਚ ਸੁਰਖੀ ਲੱਗੀ — ਪੁਲੀਸ ਮੁਕਾਬਲੇ ਵਿਚ ਇਕ ਖਤਰਨਾਕ ਅਤਿਵਾਦੀ ਹਲਾਕ।

→

ਵਿਚ ਇਕ ਸੂਬੇਦਾਰ ਨੂੰ ਮਿਲਦੀ ਤਨਖਾਹ ਨਾਲੋਂ ਬਹੁਤੀ ਜ਼ਿਆਦਾ ਨਹੀਂ ਸੀ। ਪਰ ਜਿਸ ਗੱਲ ਦੀ ਉਸਨੂੰ ਖੁਸ਼ੀ ਸੀ ਉਹ ਇਹ ਸੀ ਕਿ ਦਿਨ ਦੇ ਅਖੀਰ 'ਤੇ ਨਹਾਉਣ ਲਈ ਗਰਮ ਪਾਣੀ ਅਤੇ ਵਿਸਕੀ ਦੀ ਬੋਤਲ ਥਕਾਵਟ ਲਾਹੁਣ ਲਈ ਉਸਦੀ ਉਡੀਕ ਕਰਦੀ। ਇਸਦੇ ਨਾਲ ਹੀ ਬੰਕ ਹਾਊਸ ਵਿਚ ਖੁਸ਼ ਮਿਜਾਜ਼ ਮਾਹੌਲ ਸੀ। ਲੋਕੀਂ ਇਕ ਦੂਜੇ ਨਾਲ ਅਪਣਤ ਨਾਲ ਗੱਲਬਾਤ ਕਰਦੇ ਅਤੇ ਇਕ ਦੂਜੇ ਦੇ ਰੌਂਅ ਅਤੇ ਭਾਵਨਾਵਾਂ ਦਾ ਖਿਆਲ ਰੱਖਦੇ। ਮਾੜੇ-ਮੋਟੇ ਲੜਾਈ ਝਗੜਿਆਂ ਦੇ ਬਾਵਜੂਦ ਉਹ ਹਮੇਸ਼ਾਂ ਇਕ ਦੂਜੇ ਦੀ ਮਦਦ ਕਰਨ ਲਈ ਤਿਆਰ ਰਹਿੰਦੇ।

ਉਹ ਮਲੂਕੇ ਨੂੰ ਸੰਤੁਸ਼ਟਤਾ ਨਾਲ ਦੱਸਦਾ, "ਕੋਈ ਸ਼ਕਾਇਤ ਨਹੀਂ। ਜ਼ਿੰਦਗੀ ਬੜੀ ਵਧੀਐ।"

ਗੋਲੀਆਂ ਮੁਤਾਬਕ ਕਦੀ ਇਕ ਕਦੀ ਦੂਜੇ ਨਿਸ਼ਾਨ ਵਾਲੇ ਫੱਟਿਆਂ ਦੇ ਪੂਰਾਂ ਦੇ ਪੂਰ ਆਉਂਦੇ ਪਰ ਸਾਰੇ ਸਿੱਖ ਮਜ਼ਦੂਰ ਇਕ ਦੂਜੇ ਦਾ ਕੰਮ ਰਲ ਮਿਲਕੇ ਕਰਦੇ। ਕੰਮ ਕਰਦੇ ਉਚੀ ਉਚੀ ਗੱਲਾਂ ਕਰਦੇ ਜਿਵੇਂ ਉਹ ਪਿੰਡ ਗੋਡੀ ਕਰਦੇ ਕਰਿਆ ਕਰਦੇ ਸਨ ਜਾਂ ਹਲ ਦਾ ਮੁੰਨਾ ਫੜੀ ਬਲਦਾਂ ਨੂੰ ਹੱਕਦੇ ਸਨ। ਇਕੱਠੇ ਹੋ ਕੇ ਕੰਮ ਕਰਨ ਨੂੰ ਉਹ ਰਲ ਕੇ ਦੁਸ਼ਮਣਾਂ ਤੇ ਹੱਲਾ ਬੋਲਣ ਵਾਂਗ ਮਾਣਦੇ, ਤਣਾਅ ਭਰਪੂਰ ਸਮੇਂ ਲਲਕਾਰਾ ਮਾਰਦੇ ਜਿਵੇਂ ਉਹ ਆਖਰੀ ਚੋਟ ਸਮੇਂ ਇਕ ਦੂਜੇ ਤੋਂ ਵਿਤੋਂ ਵੱਧ ਆਸ ਕਰ ਰਹੇ ਹੋਣ। 'ਸਾਅਇਰ' ਅਤੇ 'ਬੈਂਡ ਸਾਅ' ਵਾਲਾ ਆਰੇ ਬਦਲਣ ਲਈ ਕੁਝ ਚਿਰ ਰੁਕੇ ਤਾਂ ਕੁਝ ਚਿਰ ਬਾਅਦ ਚੇਨ ਤੇ ਆਉਂਦੇ ਫੱਟੇ ਘਟ ਗਏ। ਸੌਖ ਨਾਲ ਗੱਲਾਂ ਕਰਨ ਲਈ ਸਾਰੇ ਇਕ ਦੂਜੇ ਦੇ ਨੇੜੇ ਆ ਗਏ।

"ਨੱਥਿਆ, ਬੜਾ ਸੁਨੱਖਾ ਹਿੰਦੂ ਮੁੰਡਾ ਬਈ" ਗਰੇਡਰ ਨੇ ਕਾਮੀ ਅਵਾਜ਼ ਵਿਚ ਕਿਹਾ। ਉਸਦੀਆਂ ਚੁੰਨ੍ਹੀਆਂ ਅੱਖਾਂ ਐਨਕ ਦੇ ਸ਼ੀਸ਼ਿਆਂ ਪਿਛੋਂ ਮਸਾਂ ਹੀ ਦਿਖਾਈ ਦਿੰਦੀਆਂ ਸਨ। "ਕਾਸ਼ ਮੇਰੇ ਨਾਲ ਕੰਮ ਕਰਨ ਵਾਲਾ ਵੀ ਇਹੋ ਜਿਹਾ ਹੁੰਦਾ", ਚਿਹਰੇ ਤੇ ਕਾਮੀ ਮੁਸਕਰਾਹਟ ਲਿਆਉਂਦਾ ਉਹ ਬੋਲਿਆ।

"ਸਾਲਾ ਲੁੱਚਾ ਗਰੀਕ", ਦੋ ਇੰਚ ਮੋਟੇ ਤੇ ਬਾਰਾਂ ਇੰਚ ਚੌੜੇ ਸਾਫ ਅਤੇ ਫਰ ਦੀ ਤਾਜ਼ੀ ਮਹਿਕ ਵਾਲੇ ਫੱਟੇ ਨੂੰ ਖਿਚਣ ਜਾਂਦਾ ਨੱਥਾ ਸਿੰਘ ਬੁੜਬੁੜਾਇਆ। ਛੇਤੀ ਹੀ ਉਗੜ ਦੁਗੜ ਫੱਟਿਆਂ ਦੇ ਢੇਰ ਚੇਨ ਤੇ ਆਉਣੇ ਸ਼ੁਰੂ ਹੋ ਗਏ। ਇਨ੍ਹਾਂ ਨੂੰ ਖਿਚਣ ਲਈ ਪੂਰੇ ਤਾਣ ਦੀ ਜ਼ਰੂਰਤ ਸੀ। ਹਰ ਇਕ ਆਪਣੇ ਨਿਸ਼ਾਨ ਵਾਲੇ ਫੱਟੇ ਖਿਚਣ ਲਈ ਸਿਰ ਤੋੜ ਯਤਨ ਕਰ ਰਿਹਾ ਸੀ।

"ਆਹ ਗਰੀਕ ਨੂੰ ਕਹੀਂ ਇਕ ਮਿੰਟ ਚੇਨ ਖੜ੍ਹੀ ਕਰੇ", ਚੇਨ ਦੇ ਅਖੀਰ ਤੇ ਫਸੇ ਦੋ ਬੰਦੇ ਚੀਕੇ। ਉਹਨਾਂ ਦੇ ਨਿਸ਼ਾਨ ਵਾਲੇ ਫੱਟੇ ਦੂਜੇ ਫੱਟਿਆਂ ਦੇ ਢੇਰ ਹੇਠਾਂ ਪਏ ਦਿਖਾਈ ਦੇ ਰਹੇ ਸਨ।

"ਕੋਈ ਫਰਕ ਨਹੀਂ ਪੈਣਾ। ਪਿੱਛੇ ਇਸ ਤੋਂ ਵੀ ਬੁਰਾ ਹਾਲ ਹੈ। ਮਗਰਲੀ ਚੇਨ ਤੇ ਇਸ ਤੋਂ ਵੀ ਉਚੇ ਢੇਰ ਪਏ ਹਨ। ਉਹ ਵੀ ਛੇਤੀ ਗਰੀਨ ਚੇਨ ਤੇ ਆ ਢੇਰੀ ਹੋਣੇ ਹਨ", ਗੱਸ ਨੇ ਜੁਆਬ ਦਿੱਤਾ।

(ਚਲਦਾ)

# ਰੋ ਮੇਰੇ ਪੰਜਾਬ ਰੋ

ਸੁਰਜੀਤ ਰਾਮਪੁਰੀ



ਰੋ ਮੇਰੇ ਪੰਜਾਬ ਰੋ
ਕੋਈ ਹੱਥ ਵਿਹਲਾ ਨਹੀਂ ਹੈ
ਅੱਥਰੂ ਪੂੰਝਣ ਦੇ ਲਈ।
ਅਜੇ ਹੈ ਖਾਲੀ ਸੁਰਾਹੀ,
ਇਸ 'ਚ ਆਪਣੀ ਰੱਤ ਚੋਅ।
ਰੋ ਮੇਰੇ ਪੰਜਾਬ ਰੋ।

ਕੁਝ ਹੱਥ ਰੁੱਝੇ ਹੋਏ ਕੁਰਸੀ ਸੰਭਾਲਣ ਵਾਸਤੇ।
ਕੁਝ ਹੱਥ ਨੇ ਜੁੜ ਰਹੇ ਕੁਰਸੀ ਨੂੰ ਡੇਗਣ ਵਾਸਤੇ।
ਬੁੱਢੇ-ਹੱਥਾਂ ਵਿਚ ਸੱਤਾ ਡੋਲਦੀ ਹੈ ਜਾ ਰਹੀ,
ਨਜ਼ਰ-ਬੁੱਢੀ ਕੰਬਦੀ, ਧੁੰਦਲਾ ਰਹੀ।
ਅੰਗਾਂ 'ਚ ਭਾਵੇਂ ਤਾਣ ਨਾ
'ਰਾਜ-ਸੱਤਾ ਨਰਤਕੀ' ਨੂੰ ਵੇਖ ਕੇ ਲਲਚਾ ਰਹੀ।
ਗੋਦੀ 'ਚ ਲੈਣਾ ਚਾਹ ਰਹੀ।
ਲੜ ਰਹੇ ਬੁੱਢੇ 'ਰਕੀਬ'
ਹਨ ਮੇਰੇ ਪੰਜਾਬ ਦੇ ਕੈਸੇ ਨਸੀਬ।
ਗੁੰਮ ਰਹੀ ਅਕਲਾਂ ਦੀ ਲੋਅ
ਰੋ ਮੇਰੇ ਪੰਜਾਬ ਰੋ।

ਕੋਈ ਹੱਥ ਵਿਹਲਾ ਨਹੀਂ ਹੈ,
ਅੱਥਰੂ ਪੂੰਝਣ ਦੇ ਲਈ।

ਕੁਝ ਗੱਭਰੂ ਹੱਥਾਂ ਵਿਚ ਕ੍ਰਿਪਾਨ ਹੈ
ਕੁਝ ਗੱਭਰੂ ਹੱਥਾਂ ਵਿਚ ਤ੍ਰਿਸ਼ੂਲ ਨੇ
ਦੁਸ਼ਮਣਾਂ ਦੀ ਨਾ ਪਛਾਣ।

ਦੋਸਤੀ ਦੀ ਹਿੱਕ ਨੂੰ ਹੀ ਵਿੰਨ੍ਹਦੇ ਜਾਣ।
ਅਸਲੀ ਦੁਸ਼ਮਣ ਹੱਸ ਰਿਹਾ ਹੈ।
ਦੂਰ-ਅੰਦੇਸ਼ੀ ਬੁੱਢਿਆਂ ਦੀ,
ਸ੍ਵਾਰਥਾਂ ਵਿਚ ਖੋ ਗਈ ਹੈ।
ਤੇ ਜਵਾਨੀ ਉਪ-ਭਾਵਕ ਹੋ ਗਈ ਹੈ
ਤੇ ਸਿਆਸਤ ਕੁਰਸੀਆਂ ਤੋਂ ਦੂਰ ਨਹੀਓਂ ਵੇਖਦੀ।
ਕਿਸਨੂੰ ਚਿੰਤਾ ਹੈ ਤੇਰੇ ਭਵਿੱਸ਼ ਦੀ,
ਰਾਹ ਜੰਗਲ ਵਿਚ ਗਏ ਸਾਰੇ ਹੀ ਖੋ।
ਰੋ ਮੇਰੇ ਪੰਜਾਬ ਰੋ।

ਬੱਚਿਆਂ ਦੀ ਨਜ਼ਰ ਨਿਰਫਲ
ਇਸਤ੍ਰੀ ਦੀ ਮਾਮਤਾ
ਜ਼ੁਲਮ ਤੇ ਕਰਤੂਤਾਂ ਵੱਲ
ਹੋ ਕੇ ਬੇਬਸ ਵੇਖਦੀ
ਉਨ੍ਹਾਂ ਦੀ ਕਿਸਮਤ ਨੇ ਹੈ ਬਨਣਾ ਯਤੀਮ
ਤੇ ਭਵਿਸ਼ ਹੋਣਾ ਹੈ ਵਿਧਵਾ
ਕਿੰਨੇ ਟੁਕੜੇ ਹੋਣਗੇ ਪੰਜਾਬ ਦੇ
ਇਕ ? ... ਦੋ ? ...
ਰੋ ਮੇਰੇ ਪੰਜਾਬ ਰੋ।

ਬੁੱਢਿਆਂ ਦਾ ਹੋਸ਼ ਕਿਧਰ ਜਾ ਰਿਹਾ ਹੈ ?
ਗੱਭਰੂਆਂ ਦਾ ਜੋਸ਼ ਕਿਧਰ ਜਾ ਰਿਹਾ ਹੈ ?
ਦੁਸ਼ਮਣਾਂ ਦੀ ਨਾ ਪਛਾਣ।
ਰੋ ਰਿਹਾ ਹੈ ਵਰਤਮਾਨ
ਅਜੇ ਹੈ ਖਾਲੀ ਸੁਰਾਹੀ
ਇਸ 'ਚ ਆਪਣੀ ਰੱਤ ਚੋਅ।

ਰੋ ਮੇਰੇ ਪੰਜਾਬ ਰੋ
ਕੋਈ ਹੱਥ ਵਿਹਲਾ ਨਹੀਂ ਹੈ
ਅੱਥਰੂ ਪੂੰਝਣ ਦੇ ਲਈ।
ਰੋ, ਮੇਰੇ ਪੰਜਾਬ ਰੋ।

# NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

**Malkiat Mutti**
representative
320, 815 West Hastings St.
Vancouver, B.C. V6C 2W1

**Bus. 685-9335**
**Res. 522-7167**






# FIVE RIVERS FISH 'N CHIPS

## ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 **Ph. 327-7455**

**ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ**

ਮੁਰਗਾ ਮਸਾਲੇ ਵਾਲਾ
Spicy (Masala) Chicken
**$4.45 lb.**

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
**$6.95 lb.**

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
**$5.95 lb.**

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ
ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ



# WHEATON PONTIAC BUICK GMC LTD.

GM Canada



ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿੱਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿੱਕ-ਅੱਪ ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

SPECIAL PRICE ON NEW ACADIAN, FINANCE AVAILABLE - 8.8% LIMITED TIME



**Bus: 526-2781 Res: 524-4137 Pager 687- 7711 #7610**

325—12th St., New Westminster, B.C.

Kuldip S. Jhand





ਨਿਰਮਲ ਸਿੰਘ ਧਾਲੀਵਾਲ

## Thinking of Buying or Selling

ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫੋਨ ਕਰੋ :

***For The Best Selection & 100% Satisfaction***

**NIRMAL (Neil) DHALIWAL**

**Bus: 588-9955 Res: 597-2069**

Specializing in: Lots, New Homes, Investment Properties, Farms, Industrial & Commercials

**WORKING 100% FOR YOU**



LAKEVIEW REALTY LTD.
10732 KING GEORGE HWY., SURREY, B.C. V3T 2X7

# ਪੰਜਾਬ ਸਮੱਸਿਆ ਹੱਲ ਕਿਉਂ ਨਹੀਂ ਹੋ ਰਹੀ ?

ਐਮ. ਸੀ. ਭਾਰਦਵਾਜ

ਪੰਜਾਬ ਸਮੱਸਿਆ ਕਦੋਂ ਹੱਲ ਹੋਵੇਗੀ, ਇਸ ਬਾਰੇ ਹਾਲ ਦੀ ਘੜੀ ਕੁਝ ਵੀ ਕਹਿ ਸਕਣਾ ਅਸੰਭਵ ਹੈ ਪਰ ਇਕ ਗੱਲ ਜ਼ਰੂਰ ਹੈ ਕਿ ਲੜਾਈ ਛੋਟੀ ਹੋਵੇ ਜਾਂ ਵੱਡੀ, ਉਨਾ ਚਿਰ ਹੱਲ ਹੀ ਨਹੀਂ ਹੋ ਸਕਦੀ ਜਿੰਨਾ ਚਿਰ ਦੋਹਾਂ ਧਿਰਾਂ ਵਿਚੋਂ ਘੱਟੋ ਘੱਟ ਇਕ ਧਿਰ ਲੜਾਈ ਮੱਠੀ ਕਰਨ ਦੀ ਦਿਲਚਸਪੀ ਨਾ ਰੱਖਦੀ ਹੋਵੇ। ਜਿਵੇਂ ਪਿਛਲੇ ਦਸਾਂ ਸਾਲਾਂ ਤੋਂ ਵੇਖਣ 'ਚ ਆਇਆ ਹੈ ਨਾ ਹੀ ਪੰਜਾਬ ਦੇ ਅਕਾਲੀ ਆਗੂ ਅਤੇ ਨਾ ਹੀ ਦਿੱਲੀ ਦੇ ਹੁਕਮਰਾਨ, ਦੋਹਾਂ ਵਿਚੋਂ ਕਿਸੇ ਨੇ ਐਸੀ ਗੰਭੀਰਤਾ ਦਾ ਕੋਈ ਸਬੂਤ ਦਿੱਤਾ ਜਿਸ ਨਾਲ ਮਸਲਾ ਸੁਲਝਾਇਆ ਜਾ ਸਕੇ। ਹਾਂ, ਮਸਲੇ ਨੂੰ ਲਗਾਤਾਰ ਉਲਝਾਈ ਤੁਰੇ ਜਾਣ 'ਚ ਆਪਣੇ ਵਲੋਂ ਕਿਸੇ ਧਿਰ ਨੇ ਵੀ ਕੋਈ ਕਸਰ ਬਾਕੀ ਨਹੀਂ ਛੱਡੀ।

ਜਿਥੋਂ ਤੀਕ ਅਕਾਲੀ ਆਗੂਆਂ ਦਾ ਸਵਾਲ ਹੈ, ਧਰਮ ਯੁੱਧ ਮੋਰਚਾ 1982 'ਚ ਸ਼ੁਰੂ ਹੋਇਆ। ਮੋਰਚਿਆਂ ਜਾਂ ਲੜਾਈਆਂ ਵਿਚ ਪਹਿਲਾ ਤੇ ਆਖਰੀ, ਇਕੋ ਇਕ ਨਿਯਮ ਹੁੰਦਾ ਹੈ, ਲੀਡਰਸ਼ਿਪ ਦੀ ਏਕਤਾ ਅਤੇ ਜਿੰਨੀ ਕੁ ਏਕਤਾ ਅਕਾਲੀਆਂ ਤੇ ਹੋਰ ਅਕਾਲੀ ਆਗੂਆਂ ਨੇ ਆਪਸ ਵਿਚ ਪਿਛਲੇ ਸਮੇਂ ਅੰਦਰ ਵਿਖਾਈ ਹੈ, ਇਸ ਬਾਰੇ ਅਸੀਂ ਸਾਰੇ ਭਲੀ ਭਾਂਤ ਜਾਣਦੇ ਹਾਂ। ਪਿਛਲੇ ਛੇ ਸਾਲਾਂ ਵਿਚ ਕੇਵਲ ਸੱਤ ਗਰੁਪ ਤਾਂ ਕਹਿੰਦੇ ਕਹਾਉਂਦੇ ਅਕਾਲੀ ਆਗੂਆਂ ਦੇ ਹਨ। ਇਨ੍ਹਾਂ ਵਿਚ ਚਾਰ ਤਾਂ ਅਕਾਲੀ ਪਾਰਟੀਆਂ ਹੀ ਹਨ। ਇਨ੍ਹਾਂ ਤੋਂ ਇਲਾਵਾ ਦੋ ਫੈਡਰੇਸ਼ਨਾਂ ਅਤੇ ਤਿੰਨ ਪੰਥਕ ਕਮੇਟੀਆਂ ਵੀ ਸਭ ਦੇ ਸਾਹਮਣੇ ਹਨ। ਪਰ ਅਫਸੋਸ ਦੀ ਗੱਲ ਇਹ ਹੈ ਕਿ ਸੀਨੀਅਰ ਅਕਾਲੀ ਆਗੂਆਂ ਨੇ ਵੀ ਲੋੜੀਂਦੀ ਗੰਭੀਰਤਾ ਦਾ ਸਬੂਤ ਨਹੀਂ ਦਿੱਤਾ। 1985 ਦੌਰਾਨ ਜਦੋਂ ਸੱਤ ਅਕਾਲੀ ਮੈਂਬਰ ਪਾਰਲੀਮੈਂਟ ਬਣ ਕੇ ਦਿੱਲੀ ਗਏ ਸੀ ਤਾਂ ਉਹ ਸੱਤ ਮਹੀਨਿਆਂ ਅੰਦਰ ਆਪਣਾ ਇਕ ਲੀਡਰ ਵੀ ਨਹੀਂ ਚੁਣ ਸਕੇ। ਸੋ ਜੇ ਸਾਡਾ ਪਾਰਲੀਮੈਂਟ ਵਿਚ ਵੀ ਇਹੋ ਹਾਲ ਹੈ ਜਿਥੋਂ ਸਾਰੀ ਦੁਨੀਆਂ ਨੂੰ ਸਿੱਖ ਮਸਲਿਆਂ ਜਾਂ ਪੰਜਾਬ ਸਮੱਸਿਆ ਬਾਬਤ ਪਤਾ ਲਗਣਾ ਹੈ, ਫਿਰ ਅਸੀਂ ਅਜਿਹੇ ਆਗੂਆਂ ਤੋਂ ਕਿੰਨੀ ਕੁ ਸੰਜੀਦਗੀ ਦੀ ਆਸ਼ਾ ਰਖ ਸਕਦੇ ਹਾਂ ? ਅਕਾਲੀ ਆਗੂਆਂ ਵਿਚ ਜੋ ਥੋੜ੍ਹੀ ਬਹੁਤੀ ਏਕਤਾ ਹੋਣ ਦੀ ਆਸ਼ਾ ਕਰੀਏ ਵੀ ਤਾਂ ਕਿਵੇਂ ਕਰੀਏ। ਪਿਛਲੇ ਚਾਰ ਸਾਲਾਂ ਦੌਰਾਨ, ਦੋ ਤਿੰਨ ਵਾਰ ਤਾਂ ਸਿੰਘ ਸਾਹਿਬਾਨ ਹੀ ਬਦਲੇ ਗਏ ਹੋਣੇ ਨੇ।

ਅਕਾਲੀ ਆਗੂ ਭਾਵੇਂ ਪੰਜਾਬ ਮਸਲਾ ਹੱਲ ਕਰਨ ਲਈ ਗੰਭੀਰ ਵੀ ਹੋ ਜਾਣ (ਭਾਵੇਂ ਕਿਸੇ 'ਆਸ' ਹੇਠ ਹੀ ਸਹੀ) ਪਰ ਜਿਹੜੇ ਸ੍ਰੀ ਰਾਜੀਵ ਗਾਂਧੀ ਤੋਂ ਆਸ਼ਾ ਰੱਖੀ ਬੈਠੇ ਹਨ ਕਿ ਉਹ ਪੰਜਾਬ ਸਮੱਸਿਆ ਨੂੰ ਸਮੇਟ ਦੇਵੇਗਾ, ਉਨ੍ਹਾਂ ਨੂੰ ਕੀ ਕਹੀਏ ? ਦਿੱਲੀ ਦੇ ਹੁਕਮਰਾਨ ਇਸ ਯੋਗ ਨਹੀਂ ਲਗਦੇ ਕਿ ਉਹ ਕੋਈ ਮਸਲਾ ਵੀ ਸੁਲਝਾ ਲੈਣਗੇ, ਪੰਜਾਬ ਸਮੱਸਿਆ ਤਾਂ ਦੂਰ ਦੀ ਗੱਲ ਰਹੀ। ਸ੍ਰੀ ਰਾਜੀਵ ਗਾਂਧੀ ਨੇ ਸ੍ਰੀਲੰਕਾ ਦਾ ਮਸਲਾ ਕਿੰਨੀ ਕੁ ਚੰਗੀ ਤਰ੍ਹਾਂ ਸੁਲਝਾਇਆ ਹੈ ਇਹ ਗੱਲ ਹੁਣ ਛੁਪੀ ਹੋਈ ਨਹੀਂ ਰਹੀ। ਵੱਡੀ ਗੱਲ ਨਹੀਂ ਜੇ ਇਕ ਦਿਨ ਸ੍ਰੀਲੰਕਾ ਦਾ ਮਸਲਾ ਅੰਤਰਰਾਸ਼ਟਰੀ ਪੱਧਰ 'ਤੇ ਤੂਲ ਫੜ ਜਾਏ। ਅਮਰੀਕਾ ਦਾ ਸੱਤਵਾਂ ਫੌਜੀ ਬੇੜਾ ਪਹਿਲਾਂ ਹੀ ਡੀਗੋਗਾਰਸ਼ੀਆ ਦੇ ਪਾਣੀਆਂ 'ਚ ਡੇਰੇ ਲਾਈ ਬੈਠਾ ਹੈ। ਸ੍ਰੀਲੰਕਾ ਤੋਂ ਇਲਾਵਾ ਕੋਈ ਵੀ ਐਸਾ ਮਸਲਾ ਵੇਖਣ 'ਚ ਨਹੀਂ ਆਇਆ ਜਿਥੇ ਸ੍ਰੀ ਰਾਜੀਵ ਗਾਂਧੀ ਨੇ ਕੋਈ ਦੂਰ-ਦਰਸ਼ੀ ਸੂਝਬੂਝ ਦਾ ਸਬੂਤ ਦਿੱਤਾ ਹੋਵੇ। ਅਸਾਮੀ ਪਾਣੀ ਪੀ ਪੀ ਕੇ ਕੋਸ ਰਹੇ ਹਨ, ਲਾਲਡੇਂਗਾ ਨੂੰ ਹੱਥ ਲਗ ਚੁਕੇ ਹਨ। ਆਂਧਰਾ ਵਾਲੇ ਉਧਰ ਸ੍ਰੀ ਰਾਜੀਵ ਗਾਂਧੀ ਦੀ ਪ੍ਰਵਾਹ ਨਹੀਂ ਕਰਦੇ। ਮਦਰਾਸ ਵਾਲੇ ਵੱਖ ਕਾਂਗਰਸੀਆਂ ਤੋਂ ਹੱਥੋਂ ਦੁਖੀ ਹੋਏ ਬੈਠੇ ਹਨ। ਕੇਰਲਾ, ਪੱਛਮੀ ਬੰਗਾਲ ਵਾਲਿਆਂ ਤਾਂ ਕਾਂਗਰਸ ਦੀ ਚਿਰੋਕਣੀ ਸਫ ਹੀ ਵਲ੍ਹੇਟ ਛੱਡੀ ਹੈ।

ਅੱਜ ਸਿਵਾਏ ਹਿੰਦੀ ਖੇਤਰ ਦੇ, ਜਿਸ 'ਚ ਯੂ. ਪੀ., ਬਿਹਾਰ, ਮੱਧ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਤੇ ਗੁਜਰਾਤ ਦੇ ਛੇ ਸੂਬੇ ਆਉਂਦੇ ਹਨ, ਹੋਰ ਕਿਸੇ ਵੀ ਪ੍ਰਾਂਤ 'ਚ ਰਾਜੀਵ ਗਾਂਧੀ ਜਾਂ ਉਨ੍ਹਾਂ ਦੀ ਪਾਰਟੀ ਦੀ ਬਹੁਤੀ ਪੁੱਛ ਪ੍ਰਤੀਤ ਨਹੀਂ। ਉਂਜ ਤਾਂ ਹਿੰਦੀ ਖੇਤਰ ਵਿਚ ਵੀ ਸ੍ਰੀ ਵੀ ਪੀ ਸਿੰਘ ਅਤੇ ਸ੍ਰੀ ਕਾਂਸ਼ੀ ਰਾਮ ਰਾਜੀਵ ਗਾਂਧੀ ਨੂੰ ਰਾਹੂ ਤੇ ਕੇਤੂ ਵਾਂਗ ਆਣ ਟਕਰੇ ਹਨ। ਬੋਫੋਰਜ਼ ਤੋਪ ਸਕੈਂਡਲ ਨੇ ਸਾਰੇ ਸੰਸਾਰ ਅੰਦਰ ਸਰਕਾਰ ਦੀ ਖੂਬ ਖੁੰਭ ਠੱਪੀ ਹੈ। ਚਾਹੀਦਾ ਤਾਂ ਸੀ ਕਿ ਇਸ ਕਾਂਡ ਸਬੰਧੀ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕੀਤਾ ਜਾਂਦਾ। ਆਖਰ ਪ੍ਰਧਾਨ ਮੰਤਰੀ ਨੂੰ ਡਰ ਵੀ ਕਾਹਦਾ ?

ਇਸ ਸਮੇਂ ਇਕੋ ਇਕ ਪੁਰਾਣਾ ਹਥਿਆਰ ਹੀ ਰਾਜੀਵ ਗਾਂਧੀ ਨੂੰ ਰਾਜਨੀਤੀ 'ਚ ਕਾਮਯਾਬੀ ਬਖਸ਼ ਸਕਦਾ ਹੈ — ਉਹ ਹੈ ਪਾੜੋ ਤੇ ਰਾਜ ਕਰੋ ਵਾਲਾ ਸੁਨਹਿਰੀ ਸਿਧਾਂਤ। ਨਵੰਬਰ 1984 ਦੇ ਦੰਗਿਆਂ ਤੋਂ ਲੈ ਕੇ ਹੁਣ ਤੀਕ ਘੱਟੋ ਘੱਟ 37 ਵੇਰਾਂ ਵੱਖ ਵੱਖ ਸ਼ਹਿਰਾਂ ਅੰਦਰ ਦੰਗੇ ਹੋ ਚੁਕੇ ਹਨ। ਫਿਰਕੂ ਦੰਗੇ ਹੋਣ ਵੀ ਕਿਉਂ ਨਾ ਜਦੋਂ ਲਗਾਤਾਰ ਰਾਤ ਦਿਨ ਸਰਕਾਰੀ ਪੱਧਰ ਉਤੇ ਇਨ੍ਹਾਂ ਦੀ ਹੌਸਲਾ ਅਫਜ਼ਾਈ ਹੋ ਰਹੀ ਹੋਵੇ ?

ਵੈਸੇ ਤਾਂ ਰਾਮ ਜਨਮ ਭੂਮੀ ਜਾਂ ਬਾਬਰੀ ਮਸਜਿਦ ਦਾ ਮੁੱਦਾ ਹੀ ਅਗਲੀਆਂ ਚੋਣਾਂ ਲਈ ਕਾਫੀ ਹੋਵੇਗਾ ਪਰ ਦਿੱਲੀ ਦੀ ਹਕੂਮਤ ਇਕ ਅੱਧੇ ਪਵਿੱਤਰ ਪ੍ਰਾਜੈਕਟ ਤੀਕ ਹੀ ਸੀਮਤ ਨਹੀਂ ਰਹਿਣਾ ਚਾਹੁੰਦੀ। ਰਾਜਸਥਾਨ ਅੰਦਰ ਸਤੀ ਦੇ ਮੰਦਰ ਉਤੇ ਕਬਜ਼ੇ ਸਮੇਂ ਹਾਲੇ ਲਾਠੀਚਾਰਜ ਹੀ ਹੋਇਆ ਹੈ। ਆਉਣ ਵਾਲੀਆਂ ਚੋਣਾਂ ਲਈ ਰਾਜਸਥਾਨ ਦੇ ਇਰਦ-ਗਿਰਦ ਸਤੀ ਪ੍ਰਥਾ ਵੀ ਇਕ ਵਧੀਆ ਮੁਦਾ ਹੋ ਸਕਦੀ ਹੈ (ਮੁਲਕ ਇੱਕੀਵੀਂ ਸਦੀ ਵੱਲ ਜੋ ਜਾ ਰਿਹਾ ਹੈ)... ਸਤੀ ਤੋਂ ਇਲਾਵਾ ਗੰਗਾ ਦੀ ਸਫਾਈ ਵਾਲਾ ਪ੍ਰਾਜੈਕਟ ਤਾਂ ਕਦੇ ਫੇਲ੍ਹ ਨਹੀਂ ਹੋ ਸਕਦਾ। ਜੇ ਦਰਿਆਵਾਂ ਦੀ ਸਫਾਈ ਹੀ ਕਰਾਉਣੀ ਹੈ ਤਾਂ ਫਿਰ (ਹੁਗਲੀ) ਬ੍ਰਹਮਪੁੱਤਰ ਤੋਂ ਕਿਉਂ ਨਹੀਂ ਸ਼ੁਰੂ ਕਰਦੇ ਜਿਸ ਦੀ ਸਫਾਈ ਨਾਲ ਕਲਕੱਤੇ ਦੀ ਸਵਾ ਕਰੋੜ ਵਸੋਂ ਨੂੰ ਸਾਹ ਲੈਣਾ ਸੌਖਾ ਹੋ ਸਕਦਾ ਹੈ। ਪਰ ਘੱਗਰ ਜਾਂ ਸਤੁਲਜ, ਮਾਰਕੰਡੇ ਜਾਂ ਹੁਗਲੀ ਨੂੰ ਸਾਫ ਕਰਾਉਣ ਨਾਲ ਹਿੰਦੂਆਂ ਦੀ ਭਾਵਨਾ ਨੂੰ ਟੁੰਬਿਆ ਨਹੀਂ ਜਾ ਸਕਦਾ। ਹਿੰਦੂਆਂ ਦੀ ਬਿਰਤੀ ਵਧੇਰੇ ਗੰਗਾ ਨਾਲ ਜੁੜੀ ਹੋਈ ਹੈ।

ਇਸ ਲਈ ਆਉਣ ਵਾਲੀਆਂ ਚੋਣਾਂ 'ਚ ਹਿੰਦੂ ਵੋਟਾਂ ਬਟੋਰਨ ਲਈ ਜ਼ਰੂਰੀ ਹੈ ਕਿ ਹਰ ਹਫਤੇ, ਦੂਰਦਰਸ਼ਨ ਤੋਂ ਪ੍ਰਚਾਰ ਕੀਤਾ ਜਾਵੇ। ਪਰ ਸਤੀ-ਪ੍ਰਥਾ, ਰਾਮ ਜਨਮ ਭੂਮੀ, ਗੰਗਾ ਸਫਾਈ ਪ੍ਰਾਜੈਕਟ ਆਦਿ ਜੇ ਸਾਰੇ ਪ੍ਰਾਜੈਕਟ ਵੀ ਹਿੰਦੂ ਵੋਟ ਬੈਂਕ ਦਾ ਮਨ ਜਿੱਤਣ 'ਚ ਫੇਲ੍ਹ ਹੋ ਜਾਣਗੇ ਤਦ ਪੰਜਾਬ ਸਮੱਸਿਆ ਤਾਂ ਕਿਤੇ ਗਈ ਹੀ ਨਹੀਂ।

ਵੈਸੇ ਤਾਂ ਰਾਜੀਵ ਗਾਂਧੀ ਨੇ ਅਗਲੀਆਂ ਚੋਣਾਂ ਦਾ ਛੇਤੀ ਐਲਾਨ ਨਹੀਂ ਕਰਨਾ ਪਰ ਜੇ ਕੁਝ ਕਾਰਨਾਂ ਕਰਕੇ ਐਲਾਨ ਕਰਨਾ ਪਿਆ ਤਦ ਸਾਰੇ ਦੇਸ਼ ਦਾ ਧਿਆਨ ਪੰਜਾਬ ਵੱਲ ਕੇਂਦਰਿਤ ਕਰ ਛੱਡਣਗੇ ਜਿਸ ਨਾਲ ਮਰਾਠੀ, ਗੁਜਰਾਤੀ, ਮਦਰਾਸੀ ਆਪਣੀਆਂ ਲੋਕਲ ਸਮੱਸਿਆਵਾਂ (ਜਿਵੇਂ ਰਹਾਇਸ਼, ਰੁਜ਼ਗਾਰ, ਟਰਾਂਸਪੋਰਟ, ਤੇ ਮਹਿੰਗਾਈ ਦੀਆਂ ਸਮੱਸਿਆਵਾਂ ਭੁੱਲ ਜਾਣਗੇ ਤੇ 'ਪਾਕਿਸਤਾਨ ਵਲੋਂ ਸਿੱਖ ਗਭਰੂਆਂ ਨੂੰ ਉਕਸਾਉਣ' ਦੀ ਆੜ ਹੇਠ, ਦੇਸ਼ ਦੀ ਏਕਤਾ ਤੇ ਅਖੰਡਤਾ ਦਾ ਢੰਡੋਰਾ ਪਿੱਟ ਕੇ ਆਪਣਾ ਮਤਲਬ ਹੱਲ ਕਰਨਗੇ।

ਪਿਛਲੇ ਦਿਨੀਂ ਪੰਜਾਬ ਦੌਰੇ ਸਮੇਂ ਰਾਜੀਵ ਗਾਂਧੀ, ਪੰਜਾਬ ਮਸਲੇ ਉਤੇ ਸਰਬ ਪਾਰਟੀ ਮੀਟਿੰਗ ਸੱਦਣ ਦਾ ਸਬਜ਼ਬਾਗ ਵਿਖਾ ਗਏ ਸਨ। ਕੀ ਪਹਿਲਾਂ ਹੁਣ ਤੀਕ ਕਦੇ ਸਰਬ ਪਾਰਟੀ ਮੀਟਿੰਗਾਂ ਨਹੀਂ ਹੋਈਆਂ ? ਪੰਜਾਬ ਮਸਲਾ ਹੱਲ ਜ਼ਰੂਰ ਹੋ ਸਕਦਾ ਹੈ ਪਰ ਜੇ ਦਿੱਲੀ ਸਰਕਾਰ ਇਸ ਨੂੰ ਹੱਲ ਕਰਨਾ ਚਾਹੇ। ਪਰ ਜੇ ਪੰਜਾਬ ਮਸਲਾ ਹੀ ਸਮੇਟ ਲਿਆ ਫਿਰ ਵੋਟਾਂ ਕਿਸ ਮਾਮਲੇ ਉਤੇ ਬਟੋਰ ਸਕਣਗੇ ?

ਪੰਜਾਬ ਮਸਲਾ ਉਨਾ ਚਿਰ ਤੀਕ ਹੱਲ ਹੋ ਨਹੀਂ ਸਕਦਾ ਜਿੰਨਾ ਚਿਰ ਸ੍ਰੀ ਰਾਜੀਵ ਗਾਂਧੀ ਅਜਿਹਾ ਨਹੀਂ ਚਾਹੁੰਦੇ ਤੇ ਪਿਛਲੇ ਚਾਰ ਸਾਲਾਂ ਦੇ ਸਮੇਂ ਦੌਰਾਨ ਇਕ ਮੌਕਾ ਵੀ ਐਸਾ ਨਹੀਂ ਆਇਆ ਜਿਥੋਂ ਇਹ ਆਸ਼ਾ ਲਗਾਈ ਜਾ ਸਕੇ ਕਿ ਉਹ ਮਸਲਾ ਹੱਲ ਕਰਨਾ ਚਾਹੁੰਦੇ ਵੀ ਹਨ।

ਦਿੱਲੀ ਵਾਲਿਆਂ ਤਾਂ ਮਸਲਾ ਸੁਲਝਾਉਣ ਦੀ ਬਜਾਏ ਉਲਝਾਈ ਹੀ ਤੁਰੇ ਜਾਣਾ ਹੈ ਪਰ ਪੰਜਾਬੀ ਕਦ ਤੀਕ ਇਹ ਸੰਤਾਪ ਭੁਗਤਦੇ ਰਹਿਣਗੇ ? ਡੇਢ ਲੱਖ ਅਧਿਆਪਕ ਵਰਗ ਤੇ ਹੋਰ ਬੁੱਧੀਜੀਵੀ, ਭਾਰਤੀ ਕਿਸਾਨ ਯੂਨੀਅਨ ਤੇ ਹੋਰ ਕਿਸਾਨ ਆਗੂ, ਦਸ ਲੱਖ ਕਾਲਜ ਵਿਦਿਆਰਥੀ ਤੇ ਦੂਜੇ ਪੰਜਾਬੀ ਇਕੱਠੇ ਹੋ ਕੇ ਅਗੇ ਆਉਣ ਤੇ ਕੇਂਦਰ ਨੂੰ ਪੰਜਾਬ ਮਸਲੇ ਦੇ ਹੱਲ ਲਈ ਜ਼ੋਰ ਪਾਉਣ।

## ਏਹ ਬਦਨਸੀਬ ਪੰਜਾਬ ਮੇਰਾ

ਤ੍ਰਿਲੋਚਣ 'ਲੋਚੀ'

ਪੰਜਾਬ ਜੋ ਕਦੇ ਸੀ ਨਾਨਕ ਦੇ ਉਪਦੇਸ਼ ਵਰਗਾ।
ਪੰਜਾਬ ਜੋ ਕਦੇ ਸੀ ਪਿਤਾ ਦਸ਼ਮੇਸ਼ ਵਰਗਾ।
ਪੰਜਾਬ ਜੋ ਕਦੇ ਸੀ ਬੁੱਲ੍ਹੇ ਜਿਹੇ ਦਰਵੇਸ਼ ਵਰਗਾ।
ਉਹੀ ਪੰਜਾਬ ਹੁਣ ਬਣਿਆ ਹੈ ਰਾਵਣ ਦੇ ਭੇਸ ਵਰਗਾ।
ਏਹ ਬਦਨਸੀਬ ਪੰਜਾਬ ਮੇਰਾ।
ਏਹ ਬਦਨਸੀਬ ਪੰਜਾਬ ਮੇਰਾ।

ਪੰਜਾਬ ਜੋ ਕਦੇ ਸੀ ਹੀਰ ਦੇ ਮੁੱਖ ਵਰਗਾ।
ਪੰਜਾਬ ਜੋ ਕਦੇ ਸੀ ਸੰਘਣੇ ਕਿਸੇ ਰੁੱਖ ਵਰਗਾ।
ਪੰਜਾਬ ਜੋ ਕਦੇ ਸੀ ਮਾਵਾਂ ਦੀ ਕੁੱਖ ਵਰਗਾ।
ਉਹੀ ਪੰਜਾਬ ਹੁਣ ਬਣਿਆ ਹੈ ਕੜਕਦੀ ਧੁੱਪ ਵਰਗਾ।
ਏਹ ਬਦਨਸੀਬ ਪੰਜਾਬ ਮੇਰਾ।
ਏਹ ਬਦਨਸੀਬ ਪੰਜਾਬ ਮੇਰਾ।

ਪੰਜਾਬ ਜੋ ਕਦੇ ਸੀ ਵੀਰਾਂ ਦੀਆਂ ਬਾਹਵਾਂ ਵਰਗਾ।
ਪੰਜਾਬ ਜੋ ਕਦੇ ਸੀ ਭੈਣਾਂ ਦੇ ਚਾਵਾਂ ਵਰਗਾ।
ਪੰਜਾਬ ਜੋ ਕਦੇ ਸੀ ਠੰਡੀਆਂ ਹਵਾਵਾਂ ਵਰਗਾ।
ਉਹੀ ਪੰਜਾਬ ਹੁਣ ਬਣਿਆ ਹੈ ਦੋਸਤੋ ਬਲਾਵਾਂ ਵਰਗਾ।
ਏਹ ਬਦਨਸੀਬ ਪੰਜਾਬ ਮੇਰਾ।
ਏਹ ਬਦਨਸੀਬ ਪੰਜਾਬ ਮੇਰਾ।

ਪੰਜਾਬ ਜੋ ਕਦੇ ਸੀ ਫੁੱਲਾਂ ਦੀ ਟਾਹਣ ਵਰਗਾ।
ਪੰਜਾਬ ਜੋ ਕਦੇ ਸੀ ਬਾਈਬਲ ਤੇ ਕੁਰਾਨ ਵਰਗਾ।
ਪੰਜਾਬ ਜੋ ਕਦੇ ਸੀ ਨੰਨ੍ਹੀ ਜਿਹੀ ਮੁਸਕਾਨ ਵਰਗਾ।
ਉਹੀ ਪੰਜਾਬ ਹੁਣ ਬਣਿਆ ਹੈ ਕਰੜੇ ਇਮਤਿਹਾਨ ਵਰਗਾ।
ਏਹ ਬਦਨਸੀਬ ਪੰਜਾਬ ਮੇਰਾ।
ਏਹ ਬਦਨਸੀਬ ਪੰਜਾਬ ਮੇਰਾ।

ਪੰਜਾਬ ਜੋ ਕਦੇ ਸੀ ਬਾਪੂ ਦੀ ਪੱਗ ਵਰਗਾ।
ਪੰਜਾਬ ਜੋ ਕਦੇ ਸੀ ਭੈਣਾਂ ਦੀ ਲੱਜ ਵਰਗਾ।
ਪੰਜਾਬ ਜੋ ਕਦੇ ਸੀ ਮੁੰਦਰੀ ਦੇ ਨੱਗ ਵਰਗਾ।
ਉਹੀ ਪੰਜਾਬ ਹੁਣ ਬਣਿਆ ਹੈ ਏਥੇ ਯਾਰੋ ਅੱਗ ਵਰਗਾ।
ਏਹ ਬਦਨਸੀਬ ਪੰਜਾਬ ਮੇਰਾ।
ਏਹ ਬਦਨਸੀਬ ਪੰਜਾਬ ਮੇਰਾ।

ਪੰਜਾਬ ਜੋ ਕਦੇ ਸੀ ਮੇਰੀ ਪਿਆਰੀ ਮਾਂ ਵਰਗਾ।
ਪੰਜਾਬ ਜੋ ਕਦੇ ਸੀ ਪਾਕ-ਪਵਿੱਤਰ ਥਾਂ ਵਰਗਾ।
ਪੰਜਾਬ ਜੋ ਕਦੇ ਸੀ ਠੰਡੀ, ਮਿੱਠੀ ਛਾਂ ਵਰਗਾ।
ਉਹੀ ਪੰਜਾਬ ਹੁਣ ਬਣਿਆ ਵੈਰੀਆਂ ਦੇ ਗਰਾਂ ਵਰਗਾ।
ਏਹ ਬਦਨਸੀਬ ਪੰਜਾਬ ਮੇਰਾ।
ਏਹ ਬਦਨਸੀਬ ਪੰਜਾਬ ਮੇਰਾ।

ਪੰਜਾਬ ਜੋ ਕਦੇ ਸੀ ਕੋਇਲ ਦੀ ਕੂਕ ਵਰਗਾ।
ਪੰਜਾਬ ਜੋ ਕਦੇ ਸੀ ਪਰੀਆਂ ਦੇ ਰੂਪ ਵਰਗਾ।
ਪੰਜਾਬ ਜੋ ਕਦੇ ਸੀ ਪਿਆਰੀ ਮਾਸ਼ੂਕ ਵਰਗਾ।
ਉਹੀ ਪੰਜਾਬ ਹੁਣ ਬਣਿਆ ਵੇਖ ਲਉ ਬੰਦੂਕ ਵਰਗਾ।
ਏਹ ਬਦਨਸੀਬ ਪੰਜਾਬ ਮੇਰਾ।

## ਵੀਕਲੀ ਫੀਚਰ

# ਬੱਚਿਆਂ ਦੇ ਮਸਲੇ

ਵਲੋਂ — ਵਿਦਿਆਰਥੀ



**ਬਹੁਤੀ ਨਿਰਭਰਤਾ :—** ਬੱਚੇ ਦੀ ਦੂਜਿਆਂ ਉਪਰ ਬਹੁਤ ਜ਼ਿਆਦਾ ਨਿਰਭਰਤਾ/ਮੁਥਾਜੀ ਬੱਚੇ ਦੀ ਆਪਣੀ ਕਚਿਆਈ, ਘੱਟ ਸਵੈ-ਮਾਣ, ਮਨ-ਮਾਨੀ ਅਤੇ ਨਿਰਾਸ਼ਤਾ ਆਦਿ ਦੀ ਨਿਸ਼ਾਨੀ ਹੈ। ਨਿਰਭਰਤਾ ਵਾਲੇ ਵਿਵਹਾਰ ਤੇ ਤੌਰ ਤਰੀਕਿਆਂ ਦਾ ਭਾਵ ਹੈ ਦੂਜਿਆਂ ਤੋਂ ਬਹੁਤੀ ਮਦਦ, ਧਿਆਨ, ਤੇ ਪਿਆਰ ਆਦਿ ਦੀ ਮੰਗ ਕਰਨੀ ਹੈ। ਬੱਚਾ ਆਪ ਕਰਨ ਦੇ ਯੋਗ ਹੁੰਦਾ ਹੋਇਆ ਭੀ ਦੂਜਿਆਂ ਤੋਂ ਕੰਮ ਕਰਾਉਣ ਦੀ ਮੰਗ ਕਰਦਾ ਹੈ। ਆਪਣੇ ਆਪ ਕੋਈ ਗੱਲ ਕਰਨ ਨੂੰ ਜਾਂ ਪਹਿਲ ਕਦਮੀਂ ਲਈ ਤਿਆਰ ਨਹੀਂ। ਉਹ ਹਰ ਵੇਲੇ ਚਾਹੁੰਦਾ ਹੈ ਕਿ ਮਾਪੇ ਉਸ ਵਲ ਵੇਖਣ, ਧਿਆਨ ਦੇਣ ਅਤੇ ਨੇੜੇ ਰਹਿਣ। ਆਖਿਆ ਜਾਂਦਾ ਹੈ ਕਿ ਜੇ ਕਰ ਚਾਰ ਸਾਲ ਦਾ ਬੱਚਾ, ਆਪਣੀ ਮਾਂ ਤੋਂ ਥੋੜ੍ਹੀ ਦੇਰ ਲਈ ਵਿਛੜਨ ਲੱਗਾ ਰੋਂਦਾ ਤੇ ਰਿਹਾੜ ਕਰਦਾ ਹੈ ਤਾਂ ਭਾਵ ਹੈ ਕਿ ਉਹ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਰੋਂਦੇ ਤੇ ਰਊਂ ਰਊਂ ਦਾ ਵਿਵਹਾਰ, ਬਹੁਤੀ ਨਿਰਭਰਤਾ ਦੀ ਨਿਸ਼ਾਨੀ ਹੈ। ਕਈ ਮਾਪੇ ਇਸ ਬਹੁਤੀ ਨਿਰਭਰਤਾ ਬਾਰੇ ਫਿਕਰ ਨਹੀਂ ਕਰਦੇ ਅਤੇ ਇਸ ਨੂੰ ਨੋਰਮਲ ਗੱਲ ਸਮਝਦੇ ਹਨ।

**ਕਾਰਨ :-** ਕਈ ਬੱਚੇ ਮਾਪਿਆਂ ਨੂੰ ਚਾਲਾਕੀ ਜਾਂ ਜ਼ਿਦ ਨਾਲ ਵਰਤਦੇ ਹਨ ਅਤੇ ਛੋਟੇ ਬਾਲ ਵਾਲੀਆਂ ਹਰਕਤਾਂ ਨਾਲ ਆਪਣੀ ਮਨ ਮਰਜ਼ੀ ਕਰਾਉਂਦੇ ਹਨ। ਜਿਵੇਂ ਕਈ ਬੱਚੇ ਨਾਲ ਚੁੰਬੜਨਗੇ, ਮਨਮੋਹਕ ਬਣਨਗੇ ਅਤੇ ਲੁਕਣਗੇ ਆਦਿ ਕਈ ਮਾਂ ਬਾਪ ਉਹਨਾਂ ਦੇ ਬਚਗਾਨਾ ਕੰਮਾਂ ਨੂੰ ਉਤਸ਼ਾਹਤ ਤੇ ਮਜ਼ਬੂਤ ਕਰਦੇ ਹਨ ਕਈ ਮਾਪੇ ਰੋਂਦੇ ਬੱਚੇ ਤੋਂ ਪਰ੍ਹੇ ਰਹਿਣ ਜਾਂ ਅਪਾਹਜ ਤੇ ਬੀਮਾਰ ਨੂੰ ਬਹੁਤ ਜ਼ਿਆਦਾ ਧਿਆਨ ਨਾ ਦੇਣ ਨੂੰ ਆਪਣਾ ਜ਼ੁਰਮ ਤੇ ਕਸੂਰ ਸਮਝਦੇ ਹਨ ਜਿਸ ਕਰਕੇ ਨਿਰਭਰਤਾ ਵਧਦੀ ਹੈ। ਕਈ ਮਾਪੇ ਆਪਣੇ ਬੱਚਿਆਂ ਨੂੰ ਅਤਿ ਦੀ ਖੁੱਲ੍ਹ ਦਿੰਦੇ ਹਨ — ਸੋਚਦੇ ਹਨ ਨਹੀਂ ਤਾਂ ਬੱਚੇ ਨਾਰਾਜ਼ ਹੋ ਜਾਣਗੇ। ਕਈ ਬੱਚੇ ਰਊਂ ਰਊਂ ਕਰਕੇ ਧਿਆਨ ਮੰਗਦੇ ਅਤੇ ਇਸ ਢੰਗ ਨਾਲ ਮਾਪਿਆਂ ਨੂੰ ਕਾਬੂ ਕਰਦੇ ਹਨ ਬੱਚਾ ਆਪਣੇ ਆਪ ਨੂੰ ਹੀ ਹਰ ਗੱਲ ਦਾ ਕੇਂਦਰ ਬਣਾਉਣਾ ਚਾਹੁੰਦਾ ਹੈ ਤੇ ਆਪਣੇ ਆਪ ਨੂੰ ਅਹਿਮ ਸਮਝਦਾ ਹੈ। ਜਿਹੜੇ ਬੱਚੇ ਆਪਣੇ ਆਪ ਨੂੰ ਵੰਚਿਤ ਜਾਂ ਨਜ਼ਰ-ਅੰਦਾਜ਼ ਕੀਤਾ ਸਮਝਦੇ ਹਨ। ਉਹਨਾਂ ਵਿਚ ਨਿਰਾਸ਼ਤਾ ਨੂੰ ਬਰਦਾਸ਼ਤ ਕਰਨ ਦੀ ਸੱਤਿਆ ਨਹੀਂ ਹੁੰਦੀ।

**ਹੱਲ ਦਾ ਯਤਨ :-** ਛੋਟੀ ਉਮਰ ਤੋਂ ਹੀ ਬੱਚੇ ਨੂੰ ਜ਼ਿਮੇਂਵਾਰੀ ਦਿਉ ਤੇ ਆਪਣੀ ਚੋਣ ਆਪ ਕਰਨ ਦਿਉ। ਬੱਚੇ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰੋ। ਆਮ ਨਿਰਭਰਤਾ ਦੀਆਂ ਲੋੜਾਂ ਮੰਨੋ। ਆਤਮ ਵਿਸ਼ਵਾਸ ਸਿਖਾਉ। ਜਿਹੜੇ ਮਾਪੇ ਬਹੁਤੀ ਟੋਕਾ ਟਾਕੀ ਕਰਦੇ ਅਤੇ ਬਹੁਤ ਸਖਤ ਨਿਯਮ ਲੱਦਦੇ ਹਨ, ਉਹ ਬੱਚਿਆਂ ਵਿਚ ਅਤਿ ਦੀ ਨਿਰਭਰਤਾ ਪੈਦਾ ਕਰਦੇ ਹਨ। ਬੱਚੇ ਦੀ ਬੇਨਤੀ ਜਾਂ ਗੱਲ ਸੁਣੋ ਅਤੇ ਬਿਨਾਂ ਕਾਰਨ ਦੇ ਆਮ ਤੌਰ ਤੇ ਝਟ ਹੀ ਨਾਂਹ ਨਾ ਕਰੋ। ਬੱਚਿਆਂ ਦੀ ਐਵੇਂ ਪੁਚ ਪੁਚ ਨਾ ਕਰੋ। ਐਵੇਂ ਬੱਚੇ ਦੇ ਥੱਲੇ ਨਾ ਲੱਗੋ। ਬੱਚੇ ਨੂੰ ਪੱਕੀ ਤਰ੍ਹਾਂ ਸਮਝਾ ਦਿਉ ਕਿ ਤੁਸੀਂ ਜਾਇਜ਼ ਕਾਰਜ ਚਾਹੁੰਦੇ ਹੋ। ਐਵੇਂ ਗੁੱਸੇ ਜਾਂ ਚਿੜਚਿੜੇ ਨਾ ਹੋਵੋ ਬੱਚੇ ਦੇ ਰਊਂ ਰਊਂ ਨੂੰ ਰੋਕਣ ਲਈ ਉਸ ਨੂੰ ਆਖੋ ਕਿ ਜਿਵੇਂ ਜਾਇਜ਼ ਰੂਲ ਜਾਂ ਨਿਯਮ ਦੀ ਗੱਲ ਹੈ, ਉਥੇ ਉਹ ਲਾਗੂ ਹੋਣਗੇ ਜਿਵੇਂ : ਸੌਣ, ਖੇਲਣ, ਨਾਸ਼ਤਾ ਅਤੇ ਖਾਣੇ ਆਦਿ ਦੇ ਸਮੇਂ। ਬੱਚੇ ਦੇ ਐਵੇਂ ਰੋਣ ਨਾਲ ਆਪਣੇ ਜਾਇਜ਼ ਅਸੂਲ ਜਾਂ ਘੜੀ ਘੜੀ ਮਨ ਨਾ ਬਦਲੋ। ਉਸ ਦੀ ਗਲਤੀ ਨੂੰ ਮਿਤਰਤਾ ਵਾਲੇ ਢੰਗ ਨਾਲ ਠੀਕ ਕਰੋ। ਬੱਚੇ ਦੇ ਗਲਤ ਢੰਗਾਂ ਬਾਰੇ ਉਸ ਨੂੰ ਸਮਝਾਉ। ਆਖੋ, ਤਦ ਗੱਲ ਸੁਣੀ ਜਾਏਗੀ ਜੇ ਕਰ ਰਊਂ ਰਊਂ ਕਰਕੇ ਨਾ ਕਰੇ। ਜੇ ਉਹ ਇਵੇਂ ਹੀ ਕਰਦਾ ਹੈ ਤਾਂ ਦੱਸੋ ਕਿ ਇਹ ਵਿਵਹਾਰ ਸਵੀਕਾਰ ਨਹੀਂ ਅਤੇ ਨਜ਼ਰ ਅੰਦਾਜ਼ ਕਰਕੇ ਭੀ ਨਤੀਜੇ ਵੇਖੇ ਜਾ ਸਕਦੇ ਹਨ। ਉਮੀਦ ਹੈ ਰਊਂ ਰਊਂ ਹਟ ਜਾਏਗਾ। ਸਮਝਾਉ ਕਿ ਪੁਖਤਾ (Mature) ਵਤੀਰੇ ਦਾ ਚੰਗਾ ਫਲ ਮਿਲਦਾ ਹੈ। ਅਤੀ ਦੇ ਨਿਰਭਰਤਾ ਨੂੰ ਇਕ ਇਕ ਕਰਕੇ ਹਟਾਉ ਜਾਂ ਹੱਲ ਕਰੋ। ਲਗਾਤਾਰ ਗਲਤੀ ਦੀ ਉਮਰ ਅਨੁਸਾਰ ਯੋਗ ਸਜ਼ਾ ਦਿਉ। ਬੱਚੇ ਵੱਲ ਧਿਆਨ ਦਿਉ ਤੇ ਲੋੜੀਂਦੀ ਪ੍ਰਸ਼ੰਸਾ ਕਰੋ। ਬੱਚੇ ਦੇ ਇਕੱਲੇ ਪੱਖ ਨੂੰ ਉਤਸ਼ਾਹਤ ਕਰੋ ਤੇ ਵਧਾਉ। ਬਹੁਤੀਆਂ ਉਚੀਆਂ ਤੇ ਅਣਹੋਣੀਆਂ ਆਸਾਂ ਨਾ ਲਾਉ। ਪਿਆਰ ਨਾਲ ਬੱਚੇ ਨੂੰ ਆਜ਼ਾਦ ਤੇ ਜ਼ਿਮੇਂਵਾਰ ਬਣਾਉ ਪਰ ਲੋੜ ਪੈਣ ਤੇ ਉਸ ਨੂੰ ਤੁਹਾਡੀ ਮਦਦ ਉਤੇ ਵਿਸ਼ਵਾਸ ਹੋਵੇ।

# The Manitoba Mirror
# ਮੈਨੀਟੋਬਾ ਦਰਪਣ

## BRAR NATURAL FLOUR MILLS

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

Ph. 775-6989

830 - NOTRE DAME AVE. WINNIPEG, MAN.

---

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph. Off: (204) 694-5000

Res: 694-3198

Pager 942-7788 #02284



Sales Representative

## REMAX REALTY

10 - 2230 McPhillps St., Winnipeg, MB R2V 3C8

---



ਵੀਡੀਓ ਮੂਵੀਆਂ ਵੀ ਇੱਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ





ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ



ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

724 - Sargent Ave., Winnipeg, MAN. Ph. Bus. 772-3937

Res. 633-6567

---

## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**Automotive Repairs — Alignment and Wheel Balancing**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

# ਪਾਕਿ 'ਚ ਜਮਹੂਰੀਅਤ ਦੀ ਬਹਾਲੀ

ਸ੍ਰੀਮਤੀ ਬੇਨਜ਼ੀਰ ਭੁੱਟੋ ਦੇ ਪਾਕਿਸਤਾਨ ਦੀ ਪ੍ਰਧਾਨ ਮੰਤਰੀ ਬਣਨ ਕਾਰਨ ਇਕ ਨਵੀਂ ਸਥਿਤੀ ਪੈਦਾ ਹੋ ਗਈ ਹੈ ਜਿਸ ਦਾ ਸਿਰਫ ਪਾਕਿਸਤਾਨ ਦੇ ਲੋਕਾਂ ਉਤੇ ਹੀ ਅਸਰ ਨਹੀਂ ਪਵੇਗਾ ਸਗੋਂ ਇਸ ਸਮੁੱਚੇ ਖਿੱਤੇ ਤੇ ਸਮੁੱਚੇ ਸੰਸਾਰ ਦੇ ਲੋਕਾਂ ਉਤੇ ਇਸਦਾ ਅਸਰ ਪਵੇਗਾ। ਚੋਣਾਂ ਦੌਰਾਨ ਪੈਦਾ ਕੀਤੀਆਂ ਗਈਆਂ ਕੁਝ ਮੁਸ਼ਕਲਾਂ ਜਿਵੇਂ ਕਿ ਸ਼ਨਾਖਤੀ ਕਾਰਡ ਪ੍ਰਣਾਲੀ ਲਾਗੂ ਕਰਨ ਜਿਸ ਨਾਲ ਸਿਰਫ 30 ਪ੍ਰਤੀਸ਼ਤ ਲੋਕਾਂ ਨੂੰ ਹੀ ਵੋਟ ਪਾਉਣ ਦੇ ਉਹਨਾਂ ਦੇ ਅਧਿਕਾਰ ਤੋਂ ਵਾਂਝਿਆਂ ਨਹੀਂ ਰੱਖਿਆ ਗਿਆ ਸਗੋਂ ਇਹ ਕਾਰਵਾਈ ਹੁਕਮਰਾਨ ਜੁੰਡਲੀ ਦੀ ਸ਼ਹਿ ਪ੍ਰਾਪਤ ਇਸਲਾਮੀ ਜਮਹੂਰੀ ਇਤਿਹਾਦ (ਆਈ ਜੇ. ਆਈ.) ਦੇ ਹੱਕ ਵਿਚ ਵੀ ਗਈ, ਦੇ ਬਾਵਜੂਦ ਪਾਕਿਸਤਾਨ ਦੇ ਲੋਕਾਂ ਨੇ ਹਰ ਥਾਂ ਜਿਸ 'ਚ ਪੰਜਾਬ ਵੀ ਸ਼ਾਮਲ ਹੈ, ਵਿਚ ਹੁਕਮਰਾਨ ਗਠਜੋੜ ਨੂੰ ਹਰਾਇਆ ਅਤੇ ਇਹ ਸਿਰਫ 54 ਸੀਟਾਂ ਹੀ ਪ੍ਰਾਪਤ ਕਰ ਸਕਿਆ ਜਦੋਂ ਕਿ ਪਾਕਿਸਤਾਨ ਪੀਪਲਜ਼ ਪਾਰਟੀ ਨੇ 93 ਸੀਟਾਂ ਜਿਤੀਆਂ। ਨੈਸ਼ਨਲ ਅਸੰਬਲੀ ਵਿਚ ਜਮਹੂਰੀਅਤ ਦੀ ਬਹਾਲੀ ਲਈ ਲਹਿਰ ਵਿਚ ਪੀ ਪੀ ਪੀ ਦੇ ਇਤਿਹਾਦੀਆਂ ਨੇ 18 ਸੀਟਾਂ ਜਿੱਤੀਆਂ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਪਾਕਿਸਤਾਨ ਦੀਆਂ ਚੋਣਾਂ ਦੇ ਮੌਕੇ ਤੇ ਲਿਖੇ ਆਪਣੇ ਲੇਖ 'ਪਾਕਿਸਤਾਨ ਵਿਚ ਚੋਣਾਂ ਦੀ ਮਹੱਤਤਾ' 'ਚ ਇਹ ਕਿਹਾ ਸੀ ਕਿ ਆਈ. ਜੇ ਆਈ ਅਤੇ ਪੀ ਪੀ ਪੀ ਵਿਚਕਾਰ ਸਪਸ਼ਟ ਰੂਪ 'ਚ ਸਰਫਬੰਦੀ ਹੋਵੇਗੀ। ਇਹ ਚੋਣਾਂ ਜ਼ਿਆ ਦੀ ਫੌਜੀ ਹਕੂਮਤ ਵਿਰੁਧ ਜਮਹੂਰੀਅਤ ਦੀ ਬਹਾਲੀ ਲਈ ਲੋਕਾਂ ਦੇ ਸੰਘਰਸ਼ ਦਾ ਸਿੱਟਾ ਸਨ। ਜ਼ਿਆ ਦੀ ਫੌਜੀ ਹਕੂਮਤ ਵਿਰੁਧ ਜਨਤਕ ਬਗਾਵਤ ਇਸ ਤੋਂ ਪਹਿਲਾਂ ਵੀ ਦੇਖੀ ਗਈ ਸੀ ਜਦੋਂ ਰਾਸ਼ਟਰਪਤੀ ਜ਼ਿਆ-ਉਲ-ਹੱਕ ਨੇ ਆਪਣੇ ਰਾਸ਼ਟਰਪਤੀ ਵਜੋਂ ਜਾਰੀ ਰਹਿਣ ਲਈ ਲੋਕਾਂ ਦੀ ਰਜ਼ਾਮੰਦੀ ਹਾਸਿਲ ਕਰਨ ਲਈ ਜਾਹਲੀ ਚੋਣਾਂ ਕਰਵਾਈਆਂ ਸਨ ਤੇ ਜਿਵੇਂ ਕਿ ਪ੍ਰੈਸ ਵਿਚ ਰਿਪੋਰਟਾਂ ਛਪੀਆਂ ਸਨ ਇਸ ਜਨ-ਮਤ ਵਿਚ 14 ਪ੍ਰਤੀਸ਼ਤ ਤੋਂ ਵੀ ਘੱਟ ਲੋਕਾਂ ਨੇ ਵੋਟਾਂ ਪਾਈਆਂ ਸਨ।

ਇਸ ਜਨਤਕ ਬਗਾਵਤ ਨੂੰ ਉਸ ਸਮੇਂ ਵੀ ਦੇਖਿਆ ਗਿਆ ਜਦੋਂ ਸ੍ਰੀਮਤੀ ਬੇਨਜ਼ੀਰ ਭੁੱਟੋ 1986 ਵਿਚ ਜਲਾਵਤਨੀ ਤੋਂ ਬਾਅਦ ਪਾਕਿਸਤਾਨ ਪਰਤੀ ਸੀ। ਅਤੇ ਇਹ ਗੱਲ ਬਹੁਤ ਹੀ ਸਪੱਸ਼ਟ ਹੋ ਗਈ ਕਿ ਪਾਕਿਸਤਾਨ ਦੇ ਜਨ ਸਮੂਹ ਪਾਕਿਸਤਾਨ ਵਿਚ ਜਮਹੂਰੀਅਤ ਦੀ ਬਹਾਲੀ ਲਈ ਪੂਰੀ ਤਰ੍ਹਾਂ ਦ੍ਰਿੜ ਹਨ। ਇਸ ਨੇ ਅਤੇ ਸਿੰਧ ਤੇ ਬਲੋਚਿਸਤਾਨ 'ਚ ਚਲ ਰਹੇ ਦੂਸਰੇ ਸੰਘਰਸ਼ਾਂ ਨੇ ਅਮਰੀਕੀ ਸਾਮਰਾਜੀਆਂ ਨੂੰ ਆਪਣੀ ਦਾਅਪੇਚ ਬਦਲਣ ਲਈ ਮਜ਼ਬੂਰ ਕਰ ਦਿੱਤਾ। ਸਾਮਰਾਜੀਆਂ ਨੇ ਇਹ ਸਿੱਟਾ ਕੱਢ ਲਿਆ ਕਿ ਫੌਜੀ ਹਕੂਮਤ ਨੂੰ ਲੰਬੇ ਸਮੇਂ ਤੱਕ ਕਾਇਮ ਨਹੀਂ ਰੱਖਿਆ ਜਾ ਸਕਦਾ ਅਤੇ ਇਸ ਦੀ ਥਾਂ ਕਿਸੇ ਨਾ ਕਿਸੇ ਪ੍ਰਕਾਰ ਦੀ ਜਮਹੂਰੀ ਪ੍ਰਣਾਲੀ ਜ਼ਰੂਰ ਸਥਾਪਿਤ ਕਰਨੀ ਪਵੇਗੀ। ਜਨਤਕ ਸੰਘਰਸ਼ ਅਤੇ ਇਸ ਦੇ ਨਾਲ ਹੀ ਪਾਕਿਸਤਾਨ ਪ੍ਰਤੀ ਅਮਰੀਕੀ ਨੀਤੀ ਵਿਚ ਤਬਦੀਲੀ ਕਾਰਨ ਫੌਜੀ ਹਕੂਮਤ ਜਿਹੜੀ ਕਿ ਹਵਾਈ ਹਾਦਸੇ ਵਿਚ ਜ਼ਿਆ-ਉਲ-ਹੱਕ ਅਤੇ ਬਹੁਤ ਸਾਰੇ ਉਚ ਫੌਜੀ ਅਧਿਕਾਰੀਆਂ ਦੇ ਮਾਰੇ ਜਾਣ ਕਾਰਨ ਹੋਰ ਜ਼ਿਆਦਾ ਕਮਜ਼ੋਰ ਹੋ ਗਈ, ਪਾਰਟੀ ਆਧਾਰ ਉਤੇ ਚੋਣਾਂ ਕਰਵਾਉਣ ਲਈ ਮਜਬੂਰ ਹੋ ਗਈ ਜਿਹਨਾਂ ਲਈ ਕਿ ਮਰਹੂਮ ਜ਼ਿਆ ਕਦੇ ਤਿਆਰ ਨਹੀਂ ਹੋਇਆ ਸੀ।

ਇਸ ਤਰ੍ਹਾਂ ਪਾਕਿਸਤਾਨ ਪੀਪਲਜ਼ ਪਾਰਟੀ ਦੀ ਜਿੱਤ ਉਸ ਲੰਬੇ ਸੰਘਰਸ਼ ਦੀ ਸਿਖਰ ਹੈ ਜਿਸ ਸੰਘਰਸ਼ ਕਾਰਨ ਕਿ ਲੋਕ ਲਗਾਤਾਰ ਐਕਸ਼ਨ ਕਰਦੇ ਰਹੇ ਅਤੇ ਉਹਨਾਂ ਨੂੰ ਵਹਿਸ਼ੀ ਲਾਠੀਚਾਰਜ, ਗੋਲੀਆਂ ਅਤੇ ਕੈਦ ਤਕ ਦੀਆਂ ਸਜ਼ਾਵਾਂ ਦਾ ਸਾਹਮਣਾ ਕਰਨਾ ਪਿਆ। ਲੋਕਾਂ ਦਾ ਬਗਾਵਤ ਵਾਲਾ ਰੌਂਅ ਪੀ ਪੀ ਪੀ ਸਰਕਾਰ ਦੇ ਭਵਿਖ ਦੇ ਕੰਮ ਢੰਗ ਨੂੰ ਵੀ ਪ੍ਰਭਾਵਿਤ ਕਰੇਗਾ।

ਏਥੋਂ ਤਕ ਕਿ ਚੋਣਾਂ ਪਿਛੋ ਵੀ ਫੌਜ ਨੇ ਇਕ ਜਾਂ ਦੂਸਰੇ ਢੰਗ ਨਾਲ ਮੁਦਾਖਲਤ ਕਰਨ ਦਾ ਯਤਨ ਕੀਤਾ ਅਤੇ ਸ੍ਰੀਮਤੀ ਭੁੱਟੋ ਉਤੇ ਆਈ ਜੇ ਆਈ ਨਾਲ ਕੁਲੀਸ਼ਨ ਸਰਕਾਰ ਬਣਾਉਣ ਲਈ ਦਬਾਅ ਪਾਇਆ। ਇਹ ਇਕ ਪਾਸੇ ਜ਼ਿਆ ਹਕੂਮਤ ਅਤੇ ਇਸ ਦੀ ਨੁਮਾਇੰਦਗੀ ਵਾਲੇ ਵਰਗਾਂ ਤੇ ਦੂਸਰੇ ਪਾਸੇ ਇਸ ਹਕੂਮਤ ਦੀ ਵਿਰੋਧਤਾ ਕਰਨ ਵਾਲਿਆਂ ਵਿਚਕਾਰ ਖਿਚੀ ਗਈ ਸਪਸ਼ਟ ਲਾਈਨ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਸੀ। ਇਹ ਪਾਕਿਸਤਾਨੀ ਸਮਾਜ ਅਤੇ ਰਾਜਨੀਤੀ ਵਿਚ ਕਿਸੇ ਵੀ ਪ੍ਰਕਾਰ ਦੀ ਜਮਹੂਰੀ ਤਬਦੀਲੀ ਦੀ ਧਾਰ ਨੂੰ ਖੁੰਡਾ ਕਰਨ ਦਾ ਯਤਨ ਸੀ। ਪਰ ਜਨਤਕ ਦਬਾਅ ਕਾਰਨ ਇਹ ਚਾਲ ਸਫਲ ਨਹੀਂ ਹੋ ਸਕੀ ਭਾਵੇਂ ਕਿ ਸ੍ਰੀਮਤੀ ਭੁੱਟੋ ਨੂੰ ਕੁਝ ਸਮਝੌਤੇ ਕਰਨੇ ਪਏ ਜਿਵੇਂ ਕਿ ਨਵੇਂ ਰਾਸ਼ਟਰਪਤੀ ਦੀ ਚੋਣ ਦੇ ਸੁਆਲ ਬਾਰੇ ਜਾਂ ਜ਼ਿਆ ਦੇ ਬਦੇਸ਼ ਮੰਤਰੀ ਸਾਹਿਬਜ਼ਾਦਾ ਯਕੂਬ ਖਾਂ ਨੂੰ ਆਪਣਾ ਬਦੇਸ਼ ਮੰਤਰੀ ਬਣਾਉਣਾ ਤਾਂ ਜੋ ਹਥਿਆਰਬੰਦ ਫੌਜਾਂ ਤੇ ਅਮਰੀਕੀਆਂ ਨੂੰ ਖੁਸ਼ ਕੀਤਾ ਜਾ ਸਕੇ।

ਫਿਰ ਵੀ ਇਸ ਦੇ ਨਾਲ ਪਾਕਿਸਤਾਨੀ ਚੋਣਾਂ ਅਤੇ ਸ੍ਰੀਮਤੀ ਭੁੱਟੋ ਦੇ ਪ੍ਰਧਾਨ ਮੰਤਰੀ ਬਣਨ ਦੀ ਮਹੱਤਤਾ ਘਟਦੀ ਨਹੀਂ ਹੈ। ਇਨ੍ਹਾਂ ਚੋਣਾਂ ਦੀ ਮਹੱਤਤਾ ਇਸ ਤੱਥ ਵਿਚ ਹੈ ਕਿ ਇਹ ਚੋਣਾਂ ਹੁਕਮਰਾਨ ਜਮਾਤਾਂ ਦੇ ਵੱਖ ਵੱਖ ਵਰਗਾਂ 'ਚ ਪੈਂਤੜੇਬਾਜ਼ੀ ਦਾ ਸਿੱਟਾ ਨਹੀਂ ਹਨ ਸਗੋਂ ਉਸ ਜਨਤਕ ਸੰਘਰਸ਼ ਦਾ ਸਿੱਟਾ ਹੈ ਜਿਸ ਰਾਹੀਂ ਕਿ ਜਮਹੂਰੀਅਤ ਦੀ ਬਹਾਲੀ ਲਈ ਲੋਕਾਂ ਦੇ ਵੱਖ ਵੱਖ ਵਰਗਾਂ ਅਤੇ ਵੱਖ ਵੱਖ ਕੌਮੀਅਤਾਂ ਨੂੰ ਏਕਤਾ ਦੇ ਧਾਗੇ ਵਿਚ ਪ੍ਰੋ ਦਿੱਤਾ ਗਿਆ ਅਤੇ ਜਮਾਤੇ ਇਸਲਾਮੀ ਤੇ ਦੂਸਰੀਆਂ ਧਾਰਮਿਕ ਕੱਟੜਪੰਥੀ ਤਾਕਤਾਂ ਨੂੰ ਬੁਰੀ ਤਰ੍ਹਾਂ ਨਿਖੇੜ ਦਿੱਤਾ ਗਿਆ।

ਸਰਕਾਰ ਦੀ ਅਗਵਾਈ ਹਾਸਿਲ ਕਰਨ ਪਿਛੋਂ ਤਿੰਨ ਦਸੰਬਰ ਨੂੰ ਸ੍ਰੀਮਤੀ ਭੁੱਟੋ ਵਲੋਂ ਸੱਦੀ ਗਈ ਪਹਿਲੀ ਪ੍ਰੈਸ ਕਾਨਫਰੰਸ ਵਿਚ ਦਿਤੇ ਗਏ ਭਾਸ਼ਨ 'ਚ ਕੁਝ ਮਹੱਤਵਪੂਰਨ ਬਿਆਨ ਸ਼ਾਮਲ ਹਨ। ਜਿਹੜੇ ਬਿਆਨ ਕਿ ਨਵੀਂ ਸਰਕਾਰ ਦੀਆਂ ਨੀਤੀਆਂ ਦਾ ਪਿਛਲੀ ਸਰਕਾਰ ਦੀਆਂ ਨੀਤੀਆਂ ਨਾਲੋਂ ਵਿਖਰੇਵਾਂ ਕਰਦੇ ਹਨ। ਉਸਦੇ 1973 ਦੇ ਸੰਵਿਧਾਨ ਨੂੰ ਮੁੜ ਬਹਾਲ ਕਰਨ ਦਾ ਵਾਅਦਾ ਕੀਤਾ ਹੈ ਜਿਹੜਾ ਕਿ ਜਮਹੂਰੀਅਤ ਨੂੰ ਯਕੀਨੀ ਬਣਾਉਂਦਾ ਹੈ।



ਬਦੇਸ਼ ਨੀਤੀ ਦੇ ਸੰਬੰਧ ਵਿਚ ਉਸਨੇ ਸਪਸ਼ਟ ਤੌਰ ਤੇ ਬਿਆਨ ਦਿਤਾ ਕਿ ਉਹ ਭਾਰਤ ਨਾਲ ਸੰਬੰਧ ਸੁਧਾਰੇਗੀ ਅਤੇ ਉਸਨੇ ਜ਼ਿਆ ਉਲ-ਹੱਕ ਦਾ ਭਾਰਤ ਨਾਲ 'ਜੰਗ ਸੰਧੀ ਨਹੀਂ' ਦਾ ਨਾਅਰਾ ਰੱਦ ਕਰ ਦਿੱਤਾ ਹੈ ਅਤੇ ਉਸਨੇ ਇਹ ਗੱਲ ਮੁੜ ਦੁਹਰਾਈ ਹੈ ਕਿ ਉਹ ਭਾਰਤ ਨਾਲ ਸਾਰੇ ਝਗੜਿਆਂ ਨੂੰ ਸ਼ਿਮਲਾ ਸਮਝੌਤੇ ਦੀ ਭਾਵਨਾ ਤੇ ਇਸਦੇ ਆਧਾਰ ਉਤੇ ਸੁਲਝਾਉਣਾ ਪਸੰਦ ਕਰੇਗੀ। ਉਸਨੇ ਇਸ ਗੱਲ ਉਤੇ ਜ਼ੋਰ ਦਿੱਤਾ ਹੈ ਕਿ ਸ਼ਿਮਲਾ ਸਮਝੌਤੇ ਨਾਲ ਇਸ ਮਹਾਂਦੀਪ ਵਿਚ ਅਮਨ ਦਾ ਸਭ ਤੋਂ ਲੰਬਾ ਦੌਰ ਰਿਹਾ ਹੈ ਤੇ 1972 ਤੋਂ ਪਿਛੋਂ ਭਾਰਤ ਤੇ ਪਾਕਿਸਤਾਨ ਵਿਚਕਾਰ ਕੋਈ ਜੰਗ ਨਹੀਂ ਹੋਈ।

ਅਫਗਾਨਿਸਤਾਨ ਬਾਰੇ ਆਪਣੇ ਬਿਆਨ ਵਿਚ ਉਸਨੇ ਬਿਨਾਂ ਸ਼ੱਕ ਪਿਛਲੀ ਹਕੂਮਤ ਵਾਲੀ ਸਰਕਾਰ ਦੀ ਨੀਤੀ ਉਤੇ ਚੱਲਣ ਦਾ ਵਾਅਦਾ ਕੀਤਾ। ਪਰ ਉਸਨੇ ਅਫਗਾਨਿਸਤਾਨ ਬਾਰੇ ਜਨੇਵਾ ਸਮਝੌਤੇ ਦੀ ਹਿਮਾਇਤ ਕੀਤੀ ਅਤੇ ਉਸਨੇ ਕਿਹਾ ਹੈ, ਕਿ ਅਫਗਾਨ ਮਸਲੇ ਨੂੰ ਮੁੜ ਖੋਹਲਣਾ ਸਿਆਣਪ ਵਾਲੀ ਗੱਲ ਨਹੀਂ ਹੋਵੇਗੀ।

ਸ੍ਰੀਮਤੀ ਭੁੱਟੋ ਨੇ ਇਹ ਸਪਸ਼ਟ ਤੌਰ ਤੇ ਕਿਹਾ ਹੈ ਕਿ ਉਸਦੀ ਸਰਕਾਰ ਪ੍ਰਮਾਣੂ ਹਥਿਆਰਾਂ ਦੇ ਪ੍ਰੋਗਰਾਮ ਨੂੰ ਚਲਾਉਣ ਦੇ ਵਿਰੁਧ ਹੈ ਅਤੇ ਉਹ ਪ੍ਰਮਾਣੂ ਸ਼ਕਤੀ ਦੀ ਘਰੇਲੂ ਮਨੋਰਥਾਂ ਲਈ ਅਮਨ-ਮਈ ਮਨੋਰਥਾਂ ਵਾਸਤੇ ਵਰਤੋਂ ਕਰਨ ਦੀ ਨੀਤੀ ਲਈ ਬਚਨਬੱਧ ਹੋਵੇਗੀ।

ਪਾਕਿਸਤਾਨ ਵਿਚ ਅਮਰੀਕੀ ਹਿੱਤਾਂ ਨੂੰ ਸੁਰੱਖਿਅਤ ਰੱਖਣ, ਆਈ. ਜੇ. ਆਈ. ਦੇ ਯਕੂਬ ਖਾਂ ਨੂੰ ਬਦੇਸ਼ ਮੰਤਰੀ ਵਜੋਂ ਬਰਕਰਾਰ ਰੱਖਣ ਅਤੇ ਅਫਗਾਨਿਸਤਾਨ ਬਾਰੇ ਪਿਛਲੀ ਹਕੂਮਤ ਦੀ ਨੀਤੀ ਨੂੰ ਹੀ ਜਾਰੀ ਰਖਣ ਦੇ ਐਲਾਨ ਦੇ ਬਾਵਜੂਦ ਪਾਕਿਸਤਾਨ ਪੀਪਲਜ਼ ਪਾਰਟੀ ਦੀ ਇਹ ਜਿੱਤ ਬਹੁਤ ਹੀ ਮਹੱਤਵਪੂਰਨ ਹੈ ਅਤੇ ਇਸ ਨੂੰ ਘਟਾ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਨੈਸ਼ਨਲ ਅਸੈਂਬਲੀ ਦੇ ਸਪੀਕਰ ਦੀ ਚੋਣ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਸੰਵਿਧਾਨਕ ਸੋਧ ਲਈ ਲੋੜੀਂਦੇ ਦੋ-ਤਿਹਾਈ ਦੇ ਬਹੁ-ਮਤ ਨੂੰ ਹਾਸਿਲ ਕਰਨ ਵਿਚ ਸ੍ਰੀਮਤੀ ਬੇਨਜ਼ੀਰ ਭੁੱਟੋ ਕਾਮਯਾਬ ਰਹੇਗੀ। ਅਤੇ ਜਨਤਕ ਦਬਾਅ ਜਿਸਨੇ ਕਿ ਫੌਜੀ ਹਾਕਮਾਂ ਨੂੰ ਚੋਣਾਂ ਦਾ ਐਲਾਨ ਕਰਨ ਲਈ ਮਜ਼ਬੂਰ ਕਰ ਦਿੱਤਾ ਸੀ ਉਹ ਇਸ ਗੱਲ ਨੂੰ ਵੀ ਯਕੀਨੀ ਬਣਾਵੇਗਾ ਕਿ ਪਾਕਿਸਤਾਨ 'ਚ ਜਮਹੂਰੀਅਤ ਬਹਾਲ ਹੋ ਜਾਵੇ ਅਤੇ ਕਿ ਜਮਹੂਰੀ ਤਾਕਤਾਂ ਆਪਣੇ ਆਪ ਦਾ ਪਾਸਾਰ ਕਰਨ ਤੇ ਉਭਰਕੇ ਸਾਹਮਣੇ ਆਉਣ ਦੇ ਯੋਗ ਹੋ ਜਾਣ।

ਦੂਸਰਾ ਇਸ ਨਾਲ ਹਿੰਦ-ਪਾਕਿ ਸੰਬੰਧ ਮਜ਼ਬੂਤ ਹੋਣਗੇ। ਸਿਰਫ ਇਸ ਕਰਕੇ ਹੀ ਨਹੀਂ ਕਿ ਬੇਨਜ਼ੀਰ ਭੁੱਟੋ ਨੇ ਇਸ ਸੰਬੰਧੀ ਬਿਆਨ ਦਿਤਾ ਹੈ ਸਗੋਂ ਇਸ ਕਰਕੇ ਵੀ ਕਿਉਂਕਿ ਇਹਨਾਂ ਦੀ ਲੋੜ ਹੈ ਜੇਕਰ ਉਸਦੀ ਅਗਵਾਈ ਵਾਲੀ ਲੋਕ-ਪ੍ਰਿਆ ਸਰਕਾਰ ਨੇ ਹਥਿਆਰਬੰਦ ਫੌਜਾਂ ਦੀਆਂ ਪੈਂਤੜੇਬਾਜ਼ੀਆਂ ਵਿਰੁਧ ਆਪਣੀ ਪੁਜ਼ੀਸ਼ਨ ਮਜ਼ਬੂਤ ਕਰਨੀ ਹੈ। ਇਹ ਭਾਰਤ ਅਤੇ ਪਾਕਿਸਤਾਨ ਦੋਹਾਂ ਲਈ ਹੀ ਲਾਭਦਾਇਕ ਹੋਵੇਗਾ ਜਿਹੜੇ ਕਿ ਇਸ ਸਮੇਂ ਉਹਨਾਂ ਵਿਚਕਾਰ ਤਨਾਅ ਕਰਕੇ ਆਪਣੀਆਂ ਰੱਖਿਆ ਫੌਜਾਂ ਉਤੇ ਭਾਰੀ ਖਰਚ ਕਰ ਰਹੇ ਹਨ।

ਇਸ ਤੋਂ ਵੀ ਵੱਧ ਪਾਕਿਸਤਾਨ ਇਸ ਸਮੇਂ ਖਾਲਿਸਤਾਨੀ ਦਹਿਸ਼ਤਗਰਦਾਂ ਅਤੇ ਮੁਸਲਮਾਨ ਬੁਨਿਆਦਪ੍ਰਸਤਾਂ ਦੀ ਹਿਮਾਇਤ ਕਰ ਰਿਹਾ ਹੈ, ਉਹਨਾਂ ਨੂੰ ਟਰੇਨਿੰਗ ਦੇ ਰਿਹਾ ਹੈ ਅਤੇ ਧਨ ਤੇ ਹਥਿਆਰ ਸਪਲਾਈ ਕਰ ਰਿਹਾ ਹੈ ਅਤੇ ਉਹਨਾਂ ਨੂੰ ਭੰਨ-ਤੋੜ ਵਾਲੀਆਂ ਸਰਗਰਮੀਆਂ ਲਈ ਭਾਰਤ ਵਾਪਸ ਭੇਜ ਰਿਹਾ ਹੈ। ਸ੍ਰੀਮਤੀ ਭੁੱਟੋ ਦੇ ਤਾਕਤ ਵਿਚ ਆਉਣ ਨਾਲ ਹਿੰਦ-ਪਾਕਿ ਸੰਬੰਧਾਂ ਦੇ ਇਤਿਹਾਸ ਵਿਚਲਾ ਇਹ ਕਾਂਡ ਸਮਾਪਤ ਹੋ ਜਾਵੇਗਾ ਅਤੇ ਇਸ ਨਾਲ ਪੰਜਾਬ ਤੇ ਜੰਮੂ-ਕਸ਼ਮੀਰ ਵਿਚ ਅਮਨ ਬਹਾਲ ਹੋ ਜਾਵੇਗਾ।

ਏਥੋਂ ਤਕ ਕਿ ਅਫਗਾਨ ਮਸਲੇ ਦੇ ਸੰਬੰਧ ਵਿਚ ਵੀ ਭਾਵੇਂ ਕਿ ਅਮਰੀਕੀ ਸਾਮਰਾਜ ਅਤੇ ਪਾਕਿਸਤਾਨ ਦੀਆਂ ਹਥਿਆਰਬੰਦ ਫੌਜਾਂ ਵਲੋਂ ਕਿਤਨੇ ਵੀ ਭਰੋਸੇ ਕਿਉਂ ਨਾ ਮਿਲਣ ਉਸ ਲਈ ਵਰਤਮਾਨ ਨੀਤੀ ਨੂੰ ਅਗੇ ਤੋਰਨਾ ਮੁਸ਼ਕਲ ਹੋਵੇਗਾ। ਜਿਹੜੀ ਕਿ ਜਨੇਵਾ ਸਮਝੌਤੇ ਨੂੰ ਸਾਬੋਤਾਜ਼ ਕਰਨ ਵਾਲੀ ਹੈ। ਬਹੁਤ ਸਾਰੀਆਂ ਰਾਜਨੀਤਕ ਪਾਰਟੀਆਂ ਜਿਹਨਾਂ ਨੇ ਕਿ ਪਾਕਿਸਤਾਨ ਪੀਪਲਜ਼ ਪਾਰਟੀ ਅਤੇ ਬੇਨਜ਼ੀਰ ਭੁੱਟੋ ਦੀ ਹਿਮਾਇਤ ਕੀਤੀ ਹੈ ਅਤੇ ਜਿਹਨਾਂ ਦੀ ਹਿਮਾਇਤ ਦੇਸ਼ ਵਿਚ ਸਥਿਰਤਾ ਪੈਦਾ ਕਰਨ ਲਈ ਬਹੁਤ ਜ਼ਿਆਦਾ ਮਹੱਤਵਪੂਰਨ ਹੈ, ਉਹ ਅਫਗਾਨਿਸਤਾਨ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਾ ਦੇਣ ਲਈ ਬਚਨਬੱਧ ਹਨ। ਉਹਨਾਂ ਦੀ ਆਵਾਜ਼ ਨੂੰ ਮੁਕੰਮਲ ਤੌਰ ਤੇ ਅਣਡਿੱਠ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਸੰਬੰਧ ਵਿਚ ਛੇਤੀ ਜਾਂ ਕੁਝ ਦੇਰ ਨਾਲ ਸਥਿਤੀ ਦੇ ਚੰਗੇਰੇ ਪਾਸੇ ਵਲ ਕਰਵਟ ਬਦਲਣ ਦੀ ਆਸ ਕੀਤੀ ਜਾ ਸਕਦੀ ਹੈ।

ਬਿਨਾਂ ਸ਼ੱਕ ਕੁਝ ਬਹੁਤ ਹੀ ਗੰਭੀਰ ਸਮੱਸਿਆਵਾਂ ਵੀ ਹਨ ਜਿਹੜੀਆਂ ਕਿ ਬੇਨਜ਼ੀਰ ਸਰਕਾਰ ਨੂੰ ਦਰਪੇਸ਼ ਹਨ। ਫੌਜੀ ਹਕੂਮਤ ਦੇ ਗਿਆਰਾਂ ਸਾਲਾਂ ਦੌਰਾਨ ਪੈਦਾ ਕੀਤੀਆਂ ਗਈਆਂ ਮੁਸ਼ਕਲਾਂ ਜਿਵੇਂ ਕਿ ਕੌਮੀਅਤਾਂ ਦੀ ਸਮੱਸਿਆ ਆਦਿ ਇਹ ਸਮੱਸਿਆ ਬਹੁਤ ਹੀ ਜ਼ਿਆਦਾ ਮਹੱਤਤਾ ਧਾਰਨ ਕਰ ਗਈ ਹੈ ਅਤੇ ਇਸ ਨੂੰ ਹੱਲ ਕਰਨ ਦੀ ਲੋੜ ਹੈ ਜੇਕਰ ਪਾਕਿਸਤਾਨ ਦੀ ਏਕਤਾ ਨੂੰ ਕਾਇਮ ਰੱਖਣਾ ਹੈ। ਧਾਰਮਿਕ ਬੁਨਿਆਦ ਪ੍ਰਸਤਾਂ ਦੀਆਂ ਪਾਰਟੀਆਂ ਦੀ ਲੱਕ ਤੋੜਵੀਂ ਹਾਰ ਕਾਰਨ ਇਹ ਪਹਿਲਾਂ ਹੀ ਸਪਸ਼ਟ ਹੋ ਗਿਆ ਹੈ ਕਿ ਪਾਕਿਸਤਾਨ ਵਰਗੇ ਬਹੁਕੌਮੀ ਦੇਸ਼ ਵਿਚ ਮਜ਼ਬੂਤ ਕੌਮੀ ਭਾਵਨਾਵਾਂ ਨੂੰ ਬੁਨਿਆਦਪ੍ਰਸਤਾਂ ਦੇ ਪ੍ਰਚਾਰ ਰਾਹੀਂ ਖਤਮ ਨਹੀਂ ਕੀਤਾ ਜਾ ਸਕਦਾ।

ਫਿਰ ਮੁਹਾਜੀਰਾਂ ਦਾ ਸੁਆਲ ਹੈ (ਉਹ ਜਿਹੜੇ ਭਾਰਤ ਤੋਂ ਪ੍ਰਵਾਸ ਕਰਕੇ ਆਏ ਸਨ) ਜਿਹੜੇ ਕਿ ਪਾਕਿਸਤਾਨ ਦੀ ਰਾਜਨੀਤੀ ਦੀ ਮੁੱਖਧਾਰਾ ਨਾਲੋਂ ਅਲੱਗ ਥਲੱਗ ਹੋਏ ਮਹਿਸੂਸ ਕਰ ਰਹੇ ਹਨ ਅਤੇ ਪੰਜਵੀਂ ਕੌਮੀਅਤ ਦੇ ਦਰਜ਼ੇ ਦੀ ਮੰਗ ਕਰ ਰਹੇ ਹਨ, ਅਤੇ ਉਹਨਾਂ ਆਪਣੇ ਆਪ ਨੂੰ ਮੁਹਾਜੀਰ ਕੌਮੀ ਲਹਿਰ (ਐਮ. ਕਿਊ. ਐਮ.) ਵਿਚ ਸੰਗਠਤ ਕਰ ਲਿਆ ਹੈ। ਕਰਾਚੀ ਵਿਚ ਉਹਨਾਂ ਤੇ ਪਠਾਨਾਂ ਵਿਚਕਾਰ ਲਗਾਤਾਰ ਦੰਗੇ ਹੁੰਦੇ ਆਏ ਹਨ। ਰਾਸ਼ਟਰੀ ਅਸੰਬਲੀ ਦੀਆਂ ਚੋਣਾਂ ਵਿਚ ਉਹ ਤੀਸਰੀ ਸਭ ਤੋਂ ਵੱਡੀ ਪਾਰਟੀ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਏ ਹਨ ਤੇ ਉਹਨਾਂ 13 ਸੀਟਾਂ ਉਤੇ ਜਿਤ ਹਾਸਿਲ ਕੀਤੀ ਹੈ। ਸਭਿਆਚਾਰ, ਭਾਸ਼ਾਈ ਪਛਾਣ ਅਤੇ ਰੁਜ਼ਗਾਰ ਮੌਕਿਆਂ ਸੰਬੰਧੀ ਉਹਨਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾਣਾ ਚਾਹੀਦਾ ਹੈ ਜਿਹੜੀਆਂ ਸਮੱਸਿਆਵਾਂ ਕਿ ਉਹਨਾਂ ਨੂੰ ਪਿਛਲੇ 41 ਸਾਲਾਂ ਤੋਂ ਮੁਹਾਜੀਰਾਂ ਵਲੋਂ ਦਰਪੇਸ਼ ਹਨ।

ਪਾਕਿਸਤਾਨ ਦੀ ਆਰਥਕ ਹਾਲਤ ਵੀ ਬਹੁਤ ਮਾੜੀ ਹੈ। ਹੁਣ ਤਕ ਹਰੇਕ ਕੰਮ ਦਾ ਵਿੱਤੀ-ਪ੍ਰਬੰਧ ਆਈ ਐਮ ਐਫ — ਵਿਸ਼ਵ ਬੈਂਕ ਦੀ ਹਿਮਾਇਤ ਦੇ ਆਧਾਰ ਉਤੇ ਕੀਤਾ ਜਾ ਰਿਹਾ ਸੀ। ਦੇਸ਼ ਅੰਦਰੂਨੀ ਤੌਰ ਤੇ ਵੀ ਕਰਜ ਦੇ ਫੰਦੇ ਵਿਚ ਫਸਿਆ ਹੋਇਆ ਹੈ। ਰਖਿਆ ਉਤੇ ਕੁੱਲ ਸਰਕਾਰੀ ਖਰਚਿਆਂ ਦਾ 40 ਪ੍ਰਤੀਸ਼ਤ ਖਰਚ ਕੀਤਾ ਜਾਂਦਾ ਹੈ। ਕੁੱਲ ਵਿਕਾਸ ਖਰਚੇ ਗੈਰ-ਯੋਜਨਾ ਖਰਚਿਆਂ ਦਾ ਇਕ ਤਿਹਾਈ ਹਨ ਅਤੇ ਇਹਨਾਂ ਵਿਚ ਲਗਪਗ 60 ਪ੍ਰਤੀਸ਼ਤ ਬਦੇਸ਼ੀ ਸੋਤਾਂ ਤੋਂ ਪ੍ਰਾਪਤ ਹੁੰਦੇ ਹਨ। ਇਸ ਲਈ ਗਰੀਬੀ, ਆਰਥਿਕਤਾ ਅਤੇ ਬੇਰੁਜ਼ਗਾਰੀ ਦੀਆਂ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਸ੍ਰੀਮਤੀ ਭੁੱਟੋ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਵਾਸਤੇ ਸਮੁੱਚੇ ਆਰਥਿਕ ਢਾਂਚੇ ਵਿਚ ਰੈਡੀਕਲ ਤਬਦੀਲੀ ਕਰਨ ਦੀ ਸਖਤ ਲੋੜ ਹੈ ਅਤੇ ਅਜਿਹੀਆਂ ਤਬਦੀਲੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਿਹੜੀਆਂ ਕਿ ਪੀ. ਪੀ. ਪੀ. ਦੇ ਇਹਨਾਂ ਵਾਅਦਿਆਂ ਨੂੰ ਪੂਰਾ ਕਰਨਾ ਹੈ ਕਿ ਇਹ ਪਾਕਿਸਤਾਨ ਨੂੰ ਇਕ ਸਵੈ-ਨਿਰਭਰਤਾ ਵਾਲਾ ਦੇਸ਼ ਬਣਾਵੇਗੀ। ਜਾਗੀਰਦਾਰਾਂ ਅਤੇ ਦਲਾਲ ਹਲਕਿਆਂ, ਜਿਹੜੇ ਕਿ ਅਜਿਹੇ ਅਗਾਂਹਵਧੂ ਕਦਮਾਂ ਦਾ ਹਰ ਪ੍ਰਕਾਰ ਨਾਲ ਵਿਰੋਧਤਾ ਕਰਨਗੇ, ਦੀਆਂ ਚਾਲਾਂ ਦਾ ਮੂੰਹ ਭੰਨਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਜਨ-ਸਮੂੰਹਾਂ ਦੀ ਸਰਗਰਮ ਸ਼ਮੂਲੀਅਤ ਹਾਸਿਲ ਕੀਤੀ ਜਾਵੇ। ਜਮਹੂਰੀ ਲਹਿਰ ਦੇ ਸਿਰਫ ਜ਼ਿਆਦਾ ਤਾਕਤਵਰ ਬਣਨ ਨਾਲ ਹੀ ਪਾਕਿਸਤਾਨ ਦੀ ਰਾਜਨੀਤੀ ਨੂੰ ਇਕ ਦਰੁਸਤ ਸੇਧ ਵਲ ਲਿਜਾਇਆ ਜਾ ਸਕਦਾ ਹੈ।

ਸੂਬਾਈ ਅਸੰਬਲੀ ਚੋਣਾਂ ਵਿਚ ਢਾਂਚਾ ਥੋੜ੍ਹਾ ਵੱਖਰੀ ਕਿਸਮ ਦਾ ਸੀ। ਭਾਵੇਂ ਕਿ ਪੀ ਪੀ ਨੇ ਸਿੰਧ ਵਿਚ ਵੋਟਾਂ ਦੌਰਾਨ ਹੂੰਝਾ ਫੇਰ ਦਿੱਤਾ ਪਰ ਪੰਜਾਬ ਅਸੰਬਲੀ ਵਿਚ ਇਹ ਉਹ ਪੁਜ਼ੀਸ਼ਨ ਬਰਕਰਾਰ ਨਾ ਰੱਖ ਸਕੀ ਜਿਹੜੀ ਕਿ ਇਸ ਨੇ ਨੈਸ਼ਨਲ ਅਸੰਬਲੀ ਵਿਚ ਪ੍ਰਾਪਤ ਕੀਤੀ ਸੀ। ਸੂਬਾ ਅਸੰਬਲੀ ਦੀਆਂ 220 ਸੀਟਾਂ ਵਿਚੋਂ ਇਹ ਸਿਰਫ 94 ਸੀਟਾਂ (39 ਪ੍ਰਤੀਸ਼ਤ) ਹੀ ਪ੍ਰਾਪਤ ਕਰ ਸਕੀ ਜਦੋਂ ਕਿ ਆਈ. ਜੇ. ਆਈ. ਨੇ 108 (ਜਾਂ 45 ਪ੍ਰਤੀਸ਼ਤ) ਸੀਟਾਂ ਪ੍ਰਾਪਤ ਕੀਤੀਆਂ ਸਨ। ਇਸ ਦਾ ਕਾਰਨ ਚੋਣਾਂ ਵਿਚ ਕਿਸੇ ਨਾ ਕਿਸੇ ਢੰਗ ਨਾਲ ਹੇਰਾਫੇਰੀ ਹੈ, ਨਹੀਂ ਤਾਂ ਇਹ ਤੱਥ ਸਮਝ ਵਿਚ ਨਹੀਂ ਪੈਂਦਾ ਕਿ ਨੈਸ਼ਨਲ ਅਸੰਬਲੀ ਵਿਚ ਬਹੁਤ ਸਾਰੀਆਂ ਸੀਟਾਂ ਜਿੱਤਣ ਦੇ ਕੁਝ ਦਿਨ ਬਾਅਦ ਹੀ ਇਹ ਉਹਨਾਂ ਚੋਣ ਹਲਕਿਆਂ ਤੋਂ ਚੋਣ ਹਾਰ ਗਈ ਜਿਥੋਂ ਪਹਿਲਾਂ ਲੋਕਾਂ ਨੇ ਇਸ ਨੂੰ ਭਾਰੀ ਵੋਟਾਂ ਪਾ ਕੇ ਜਿਤਾਇਆ ਸੀ। ਬਲੋਚਿਸਤਾਨ ਵਿਚ ਸਥਿਤੀ ਪੂਰੀ ਤਰ੍ਹਾਂ ਵੱਖਰੀ ਕਿਸਮ ਦੀ ਸੀ। ਹੁਣ ਪੀ ਪੀ ਪੀ ਨੇ ਸਿੰਧ ਵਿਚ ਸਰਕਾਰ ਬਣਾ ਲਈ ਹੈ। ਅਤੇ ਐਨ ਡਬਲਯੂ ਐਫ ਪੀ ਵਿਚ ਇਸ ਨੇ ਨੈਸ਼ਨਲ ਅਵਾਮੀ ਪਾਰਟੀ ਨਾਲ ਮਿਲਕੇ ਸਰਕਾਰ ਬਣਾ ਲਈ ਹੈ ਜਦੋਂ ਕਿ ਆਈ ਜੇ ਆਈ ਨੇ ਬਲੋਚਿਸਤਾਨ (ਜੋ ਹੁਣ ਭੰਗ ਕਰ ਦਿੱਤੀ ਗਈ ਹੈ) ਅਤੇ ਪੰਜਾਬ ਵਿਚ ਸਰਕਾਰ ਬਣਾ ਲਈ। ਆਈ. ਜੇ. ਆਈ. ਵਲੋਂ ਨੈਸ਼ਨਲ ਅਸੰਬਲੀ ਦੇ ਕੰਮ ਢੰਗ ਵਿਚ ਮੁਸ਼ਕਲਾਂ ਪੈਦਾ ਕਰਨ ਦੀ ਸੰਭਾਵਨਾ ਹੈ।

ਇਹ ਸਿਰਫ ਪਾਕਿਸਤਾਨ ਦੇ ਲੋਕਾਂ ਦੀਆਂ ਭਾਵਨਾਵਾਂ ਬੁਲੰਦ ਕਰਕੇ ਹੀ ਹੈ ਕਿ ਬੇਨਜ਼ੀਰ ਹਕੂਮਤ ਆਪਣੇ ਆਪ ਨੂੰ ਮਜ਼ਬੂਤ ਕਰ ਸਕਦੀ ਹੈ ਅਤੇ ਪਾਕਿਸਤਾਨ ਵਿਚ ਸਥਿਰਤਾ ਬਹਾਲ ਕਰ ਸਕਦੀ ਹੈ। ਸਿਰਫ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਉਹ ਇਸ ਕਾਰਜ ਵਿਚ ਕਿੰਨਾ ਕੁ ਸਫਲ ਹੁੰਦੀ ਹੈ।

ਵਪਾਰ ਵਿਚ ਵਾਧੇ ਲਈ

ਯਾਦ ਰੱਖੋ

# ਕਨੇਡਾ ਦਰਪਣ

## The Manitoba Mirror

ਨਵਾਂ ਸਾਲ ਮੁਬਾਰਕ !

# ਮੈਨੀਟੋਬਾ ਦਰਪਣ

---

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ

## ਰਾਜ ਸਿੰਘ ਮਾਨ

ਨੂੰ ਮਿਲੋ

- ਲਾਈਫ਼ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

NORTH AMERICAN LIFE



R R S P

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4

**Raj Singh Maan** Sales Manager

**Res. 694-0731**

Commissioner for oaths

---

## V.I.P. SUPERMARKET

**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ

ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ

ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

**V.I.P. SUPERMARKET**

739, Elice Ave. WINNIPEG, MAN.

## Moti Flour Industries

620 - Sophia St., SELKIRK — MAN.

**Ph. 204-482-4111**
**Or. 204-785-1054**

## 100% ਡੁਰਮ ਕਣਕ ਦਾ ਆਟਾ

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ ਸਕਦਾ ਹੈ

---

# Bombay Fashions & Fabrics

720 — SARGENT AVE. WINNIPEG, MAN. R3E 0B2 **PH. 783-0904**

ਵਿਨੀਪੇਗ ਸ਼ਹਿਰ ਵਿਚ ਨਵੇਂ ਨਵੇਂ ਲੇਟੇਸਟ ਡੀਜ਼ਾਇਨਾਂ ਅਤੇ ਭਾਰੀ ਵਰਾਇਟੀ ਦਾ
ਸਭ ਤੋਂ ਵੱਡਾ ਇਕੋ ਇਕ ਸਟੋਰ ਜਿਥੇ ਹਰ ਸਮੇਂ ਮਿਲਦੇ ਹਨ

- ਪੰਜਾਬੀ ਇਕ ਪੀਸ, ਦੋ ਪੀਸ ਤੇ ਤਿੰਨ ਪੀਸ ਸੂਟ
- ਹਰ ਤਰ੍ਹਾਂ ਦੀਆਂ ਇੰਡੀਆਂ ਦੀ ਸਿਲਕ ਦੀਆਂ ਅਤੇ ਜਾਪਾਨੀ ਸਾੜ੍ਹੀਆਂ
- ਵਿਆਹ ਸ਼ਾਦੀ ਦਾ ਸਾਰਾ ਸਮਾਨ ਲਹਿੰਗੇ, ਸੂਟ ਅਤੇ ਸਾੜ੍ਹੀਆਂ ਵੀ
- ਹਿੰਦੁਸਤਾਨੀ ਹਾਰ ਸ਼ਿੰਗਾਰ ਦਾ ਸਾਰਾ ਸਮਾਨ
- ਬੱਚਿਆਂ ਲਈ ਫੈਨਸੀ ਲਹਿੰਗੇ ਸੂਟ
- ਆਦਮੀਆਂ ਅਤੇ ਮੁੰਡਿਆਂ ਲਈ ਰੈਡੀਮੇਡ ਕੁੜਤੇ ਪਜਾਮੇ
- ਲੇਡੀਜ ਦੇ ਰੈਡੀਮੇਡ ਸੂਟ
- ਸ਼ਾਲ ਅਤੇ ਬਹੁਤ ਵਰਾਇਟੀ ਵਿਚ ਗੋਟਾ-ਕਿਨਾਰੀ

ਕੁਆਲਿਟੀ ਵਧੀਆ ਅਤੇ ਕੀਮਤਾਂ
ਬਿਲਕੁਲ ਵਾਜਬ
ਆਉ ਤੇ ਅਜ਼ਮਾ ਕੇ ਦੇਖੋ !!

**ਬੰਬੇ ਫੈਸ਼ਨਜ਼ ਅਤੇ ਫੈਬਰਿਕਸ**



ਫਿਲਮਨਾਮਾ

# ਆਪਣਾ ਕੋਈ ਪਿੱਛਾ ਨਹੀਂ ਰਿਹਾ — ਸੁਰੇਸ਼ ਓਬਰਾਏ



ਸੁਰੇਸ਼ ਓਬਰਾਏ ਨਾਲ ਚੰਡੀਗੜ੍ਹ 'ਚ ਦੋ ਬੈਠਕਾਂ ਦੌਰਾਨ ਕਈ ਕਿਸਮ ਦੇ ਪ੍ਰਭਾਵ ਉਸਦੀ ਸ਼ਖਸੀਅਤ ਬਾਰੇ ਇਕੱਤਰ ਕੀਤੇ। ਉਹਦੀਆਂ ਕੁਝ ਕੁ ਗੱਲਾਂ ਤੋਂ ਜਾਪਿਆ ਕਿ ਉਹ ਹੰਕਾਰੀ ਬੰਦਾ ਹੈ। ਇਕ ਪਲ ਜਾਪਿਆ ਕਿ ਸੁਰੇਸ਼ ਓਬਰਾਏ ਕੰਪਲੈਕਸ ਦਾ ਦੱਬਿਆ ਪਿਆ ਹੈ ਤੇ ਆਪਣੇ ਆਪ ਨੂੰ ਲਿਫਾਫੇਬਾਜ਼ੀ 'ਚ ਪ੍ਰਸਤੁਤ ਕਰਦਾ ਹੋਇਆ ਫੜਿਆ ਜਾਂਦਾ ਹੈ। ਇੰਜ ਵੀ ਮਹਿਸੂਸ ਹੋਇਆ ਕਿ ਉਹ ਖੁਦੀ ਨੂੰ ਵਾਹਵਾ ਬੁਲੰਦ ਕਰੀ ਫਿਰਦਾ ਹੈ। ਜਾਂ ਫਿਰ ਇਉਂ ਵੀ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਉਹ ਇਸ ਸਾਰੇ ਕਾਸੇ ਦਾ ਮਿਲਗੋਭਾ ਹੈ ਤੇ ਆਮ ਐਕਟਰਾਂ ਵਰਗਾ ਹੀ ਐਕਟਰ ਹੈ, ਆਮ ਬੰਦਿਆਂ ਵਰਗਾ ਬੰਦਾ ਹੈ। ਭਾਵੇਂ ਉਸ ਨੇ ਹਾਜ਼ਰ ਪੱਤਰਕਾਰਾਂ 'ਚੋਂ ਹਰ ਕਿਸੇ ਦੇ ਸਵਾਲ ਦਾ ਜਵਾਬ 'ਚੜ੍ਹ ਕੇ' ਦੇਣ ਦੀ ਕੋਸ਼ਿਸ਼ ਕੀਤੀ ਪਰ ਕਿਤੇ ਕਿਤੇ ਸਵੈ-ਭਰੋਸੇ ਦੀ ਰੱਸੀ ਉਹਦੇ ਹੱਥੋਂ ਨਿਕਲ ਵੀ ਜਾਂਦੀ ਸੀ। ਪਰ ਅਗਲੇ ਹੀ ਪਲ ਉਹ ਫਿਰ ਤੋਂ ਆਪਣੇ ਆਪ ਉਪਰ ਸਵਾਰ ਹੋਣ ਦਾ ਯਤਨ ਕਰਦਾ।

? ਤੁਹਾਨੂੰ ਹੁਣ ਤੱਕ ਕਿਹੜੇ ਕਿਹੜੇ ਐਵਾਰਡ ਮਿਲ ਚੁਕੇ ਹਨ ?

— 'ਮਿਰਚ ਮਸਾਲਾ', ਫਿਲਮ ਵਿਚਲੇ ਰੋਲ ਦੇ ਆਧਾਰ 'ਤੇ ਮੈਨੂੰ ਨੈਸ਼ਨਲ ਅਵਾਰਡ ਨਾਲ ਸਨਮਾਨਿਆ ਗਿਆ। ਬੰਗਾਲ 'ਚ ਵੀ ਕਰਿਟਿਕਸ ਦੀ ਇਕ ਸੰਸਥਾ ਹੈ ਜਿਸ ਨੇ ਮੇਰੀ ਅਭਿਨੈ-ਕਲਾ ਨੂੰ ਪਛਾਣ ਕੇ ਐਵਾਰਡ ਦਿੱਤਾ।

? ਤੁਹਾਨੂੰ ਅਜੇ 'ਫਿਲਮ ਫੇਅਰ ਐਵਾਰਡ' ਤਾਂ ਕੋਈ ਨਹੀਂ ਨਾ ਮਿਲਿਆ ?

— ਉਹ ਕਿਹੜਾ ਐਵਾਰਡ ਹੈ ? ਕੌਣ ਦਿੰਦਾ ਹੈ ਫਿਲਮ ਫੇਅਰ ਐਵਾਰਡ ? ਮੈਂ ਨਹੀਂ ਜਾਣਦਾ ਇਸ ਐਵਾਰਡ ਅਵੂਰਡ ਨੂੰ ? ਮੈਂ ਐਵਾਰਡ ਖਰੀਦਣ 'ਚ ਵਿਸ਼ਵਾਸ ਨਹੀਂ ਰੱਖਦਾ।

? ਪੂਨਾ ਇੰਸਟੀਚਿਊਟ ਤੋਂ ਡਿਪਲੋਮਾ ਕਿਸ ਸਾਲ ਕੀਤਾ ? ਉਸ ਬੈਚ ਵਿਚੋਂ ਹੋਰ ਕੌਣ ਕੌਣ ਉਭਰੇ ?

— ਮੈਂ 76-78 ਵਿਚ ਪੂਨਾ ਇੰਸਟੀਚਿਊਟ 'ਚ ਸਾਂ। ਸਾਰੇ ਬੈਚ 'ਚੋਂ ਮੈਥੋਂ ਬਿਨਾਂ ਓਮਪੁਰੀ, ਪ੍ਰਦੀਪ ਵਰਮਾ ਅਗੇ। ਬਾਕੀ ਸਭ ....

? ਬਾਕੀ ਵਿਚਾਰੇ ਬਣ ਕੇ ਰਹਿ ਗਏ ?

— ਨਹੀਂ ਮੈਂ ਵਿਚਾਰੇ ਨਹੀਂ ਕਹਾਂਗਾ। ਕੁਝ ਹੋਰ ਕਹਾਂਗਾ। (ਹਉਕਾ ਭਰਕੇ ਬਸ ਉਹ ਸਭ ਰਹਿ ਗਏ।)

? ਜਦੋਂ ਫਿਲਮ ਲਾਈਨ 'ਚ ਨਹੀਂ ਸੀ ਆਏ ਤਾਂ ਇਸ ਖੇਤਰ ਬਾਰੇ ਕਿਹੋ ਜਿਹੇ ਖਿਆਲ ਸਨ ?

— ਹੈਦਰਾਬਾਦ ਦੀਆਂ ਕੰਧਾਂ, ਚੌਕਾਂ ਵਿਚ ਜਦੋਂ ਮੈਂ ਸ਼ਸ਼ੀ ਕਪੂਰ ਤੇ ਰਾਜੇਸ਼ ਖੰਨਾ ਦੀਆਂ ਤਸਵੀਰਾਂ ਪੋਸਟਰਾਂ ਉਪਰ ਲੱਗੀਆਂ ਦੇਖਦਾ ਸਾਂ ਤਾਂ ਟਿਕਟਿਕੀ ਲਗਾ ਕੇ ਕਿਤਨਾ ਚਿਰ ਦੇਖਦਾ ਹੀ ਰਹਿ ਜਾਂਦਾ ਸਾਂ। ਸੋਚਿਆ ਕਰਦਾ ਸਾਂ, ਕਿਸੇ ਦਿਨ ਇਨ੍ਹਾਂ ਹੀ ਕੰਧਾਂ ਉਪਰ ਮੇਰੀਆਂ ਫਿਲਮਾਂ ਦੇ ਵੀ ਪੋਸਟਰ ਚਿਪਕੇ ਹੋਣਗੇ।

? ਫੇਰ ਉਹ ਦਿਨ ਵੀ ਖੂਬ ਆਏ ?

— ਹਾਂ, ਇਕ ਹੈਦਰਾਬਾਦ ਕੀ ਦੇਸ਼ ਭਰ ਦੀਆਂ ਕੰਧਾਂ 'ਤੇ ਚੌਂਕਾਂ 'ਚ ਮੇਰੀਆਂ ਫਿਲਮਾਂ ਦੇ ਪੋਸਟਰ ਲੱਗੇ।

? ਕਿਹੜਾ ਐਕਟਰ ਜਾਂ ਐਕਟਰੈਸ ਦਿਲ-ਦਿਮਾਗ 'ਤੇ ਸਭ ਤੋਂ ਵੱਧ ਛਾਇਆ ਰਿਹਾ ?

— ਭਾਰਤੀਆਂ 'ਚੋਂ ਮੈਨੂੰ ਮੋਤੀ ਲਾਲ, ਮਧੂਬਾਲਾ, ਕਿਸ਼ੋਰ ਕੁਮਾਰ ਨੇ ਲੰਮਾ ਸਮਾਂ ਪ੍ਰਭਾਵਤ ਕੀਤਾ। ਕਿਆ ਬਾਤ ਸੀ ਮਧੂਬਾਲਾ ਵਿਚ। ਉਸ ਕੋਲੋਂ ਰੋਣਾ ਸਿੱਖ ਸਕਦੇ ਹੋ, ਹੱਸਣਾ ਸਿੱਖ ਸਕਦੇ ਹੋ। ਸ਼ੀ ਵਾਜ਼ ਏ ਪਰਫੈਕਟ ਐਕਟਰੈਸ।

? ਜੇ ਤੁਸੀਂ ਐਕਟਰ ਨਾ ਬਣਦੇ ਤਾਂ ਫਿਰ ਕੀ ਹੋਣਾ ਸੀ ?

— ਪਰਿਵਾਰ ਤੇ ਖਾਨਦਾਨ ਦੇ ਕਹੇ ਅਨੁਸਾਰ ਜੇ ਤੁਰਦਾ ਰਹਿੰਦਾ ਤਾਂ ਮੈਂ ਅੱਜ ਡਾਕਟਰ ਹੋਣਾ ਸੀ।

? ਮੁਢਲੇ ਫਿਲਮੀ ਜੀਵਨ ਬਾਰੇ ?

— ਮੇਰੀਆਂ ਮੁਢਲੀਆਂ ਫਿਲਮਾਂ ਸਨ : ਏਕ ਬਾਰ ਫਿਰ, ਕਾਲਾ ਪੱਥਰ, ਮਿਲਨ

? ਆਪਣੇ ਹੁਣ ਤਕ ਦੇ ਰੋਲਾਂ 'ਚੋਂ ਕਿਸ ਕਿਸ ਤੋਂ ਸੰਤੁਸ਼ਟ ਹੋ ?

— ਮੈਂ ਹੁਣ ਤਕ ਜਿਤਨੇ ਵੀ ਰੋਲ ਕੀਤੇ ਹਨ, ਉਨ੍ਹਾਂ ਸਭ ਤੋਂ ਸੰਤੁਸ਼ਟ ਹਾਂ। ਮੈਂ ਅਜਿਹਾ ਰੋਲ ਕੋਈ ਕਰਦਾ ਹੀ ਨਹੀਂ, ਜਿਸ ਤੋਂ ਸੈਟਿਸਫੈਕਸ਼ਨ ਨਾ ਮਿਲਦੀ ਹੋਵੇ ਮੈਂ ਰੀਟੇਕ 'ਚ ਵਿਸ਼ਵਾਸ ਨਹੀਂ ਰੱਖਦਾ। ਜਿਹੜਾ ਵੀ ਡਾਇਰੈਕਟਰ ਮੇਰਾ ਰੀਟੇਕ ਕਰੇਗਾ, ਉਸ ਨੂੰ ਪਹਿਲਾਂ ਵਾਲਾ ਰੀਜ਼ਲਟ ਦੂਜੀ ਵਾਰ 'ਚ ਨਹੀਂ ਲੱਭੇਗਾ।

? 'ਸ਼ਰਧਾਂਜਲੀ' ਵਿਚਲਾ ਰੋਲ ਤੁਹਾਡਾ ਬੜਾ ਪਾਵਰਫੁਲ ਸੀ ?

— ਮੇਰਾ ਵੀ ਇਹੋ ਖਿਆਲ ਹੈ ?

? 'ਘੁੰਗਰੂ' ਵਿਚਲੀ ਤੁਹਾਡੀ ਭੂਮਿਕਾ ਵੀ ਜ਼ਬਰਦਸਤ ਸੀ ਪਰ ਫਿਲਮ ਨਹੀਂ ਸੀ ਚਲ ਸਕੀ ?

— 'ਘੁੰਗਰੂ' ਵਿਚਲਾ ਉਹ ਰੋਲ ਅਮਿਤਾਭ ਕਰਨ ਵਾਲਾ ਸੀ। ਸਾਡੀ ਫਿਲਮ ਲਾਈਨ 'ਚ ਕੀ ਹੈ ਕਿ ਪੂਰੇ ਭਾਰਤ 'ਚ ਫਿਲਮ ਵਧੀਆ ਬਿਜ਼ਨਸ ਕਰ ਜਾਵੇ ਪਰ ਬੰਬਈ 'ਚ ਫੇਲ੍ਹ ਹੋ ਜਾਵੇ ਤਾਂ ਸਮੁੱਚਤਾ 'ਚ ਫਿਲਮ ਨੂੰ ਫੇਲ੍ਹ ਆਖ ਦਿੱਤਾ ਜਾਂਦਾ ਹੈ। ਇਸ ਦੇ ਉਲਟ ਸਿਰਫ ਬੰਬਈ 'ਚ ਚੱਲ ਜਾਵੇ ਅਤੇ ਪੂਰੇ ਦੇਸ਼ ਵਿਚ ਪਿਟ ਜਾਵੇ ਤਾਂ ਫਿਲਮ ਨੂੰ ਸਫਲ ਮੰਨ ਲਿਆ ਜਾਂਦਾ ਹੈ। ਏਸ ਹਿਸਾਬ ਨਾਲ 'ਘੁੰਗਰੂ' ਫੇਲ੍ਹ ਫਿਲਮ ਬਣ ਗਈ।

? ਆਉਣ ਵਾਲੀਆਂ ਤੁਹਾਡੀਆਂ ਫਿਲਮਾਂ ਦੇ ਨਾਂ ?

— ਪੰਜ ਸੱਤ ਫਿਲਮਾਂ ਮੇਰੇ ਕੋਲ ਹਮੇਸ਼ਾਂ ਰਹੀਆਂ ਹਨ। ਦਾਤਾ, ਕਾਲੀ ਗੰਗਾ, ਅਪਨਾ ਦੇਸ਼ ਪਰਾਏ ਲੋਗ, ਪ੍ਰਕੋਪ, ਮਨੀਕਾ ਮੇਰੀਆਂ ਬਣ ਰਹੀਆਂ ਫਿਲਮਾਂ ਹਨ।

? ਤੁਸੀਂ ਪੰਜਾਬੀ ਹੋ, ਘਰ 'ਚ ਕਿਹੜੀ ਬੋਲੀ ਬੋਲਦੇ ਹੋ ?

— ਮਾਂ ਨਾਲ ਮੈਂ ਪੰਜਾਬੀ 'ਚ ਗੱਲਾਂ ਕਰਦਾ ਹਾਂ। ਭੈਣ ਨਾਲ ਵੀ ਪੰਜਾਬੀ 'ਚ। ਪਤਨੀ ਮੇਰੀ ਮਦਰਾਸਣ ਹੈ। ਓਧਰ ਕੋਇਟੇ ਦਾ ਜੰਮਿਆ ਹਾਂ। ਏਧਰ ਹੈਦਰਾਬਾਦ 'ਚ ਪਲਿਆ ਹਾਂ। ਮੈਂ ਆਪਣੇ ਆਪ ਨੂੰ ਦੱਖਣ-ਭਾਰਤੀ ਪੰਜਾਬੀ ਕਹਿਨਾ ਹੁਨਾ। ਹੁਣ ਪੂਰੀ ਤਰ੍ਹਾਂ ਬੰਬਈ ਸੈਟਲ ਹਾਂ।

? ਏਧਰ ਪੰਜਾਬ 'ਚ ਕੋਈ ਸਕਾ ਸੰਬੰਧੀ ਰਹਿੰਦਾ ਹੈ ?

— ਨਹੀਂ ਕੋਈ ਨਹੀਂ। ਸਿਰਫ ਕੁਝ ਵਾਕਫ ਰਹਿੰਦੇ ਨੇ, ਕੁਝ ਪ੍ਰਸ਼ੰਸਕ। ਸਾਡੇ ਸਾਥੀਆਂ ਦੇ ਬੱਚੇ ਅਕਸਰ ਛੁੱਟੀਆਂ 'ਚ ਪ੍ਰੋਗਰਾਮ ਬਣਾਉਂਦੇ ਨੇ ਤੇ ਆਪਣੇ ਪਿੰਡਾਂ, ਨਾਨਕਿਆਂ, ਦਾਦਕਿਆਂ ਨੂੰ ਛੁੱਟੀਆਂ ਕੱਟਣ ਜਾਂਦੇ ਨੇ। ਪਰ ਮੇਰਾ ਤੇ ਮੇਰੇ ਬੱਚਿਆਂ ਦਾ ਇਸ ਤਰ੍ਹਾਂ ਕੋਈ ਪਿੰਡ ਨਹੀਂ, (ਸਰਦ ਜਿਹਾ ਹਉਕਾ ਲੈ ਕੇ) ਆਪਣਾ ਤਾਂ ਜੀ ਕੋਈ ਪਿੱਛਾ ਨਹੀਂ ਰਿਹਾ !

? ਫਿਲਮੀ ਦੁਨੀਆਂ ਬਣਾਵਟ ਦੀ ਦੁਨੀਆਂ ਹੈ, ਕਦੇ-ਕਦਾਈਂ ਖਿਝ ਨਹੀਂ ਚੜ੍ਹਦੀ ?

— ਮੈਂ ਬਣਾਵਟੀ ਅੰਦਾਜ਼ਾਂ ਤੋਂ ਪਰ੍ਹੇ ਰਹਿੰਦਾ ਹਾਂ। ਜੋ ਕਹਿੰਦਾ ਹਾਂ ਉਹੀ ਕਰਦਾ ਹਾਂ। ਜੋ ਕਰਦਾ ਹਾਂ, ਉਹੀ ਕਹਿੰਦਾ ਹਾਂ।

? ਇੰਜ ਨਹੀਂ ਲਗਦਾ ਕਿ ਸੁਰੇਸ਼ ਓਬਰਾਏ ਨੂੰ ਉਸ ਦੇ ਟੇਲੈਂਟ ਦੇ ਹਿਸਾਬ ਜਿੰਨੀ ਬਰੇਕ ਨਹੀਂ ਮਿਲੀ ?

— ਬਿਲਕੁਲ ਨਹੀਂ। ਮੈਂ ਨਾਇਕ ਵੀ ਆ ਰਿਹਾਂ, ਖਲਨਾਇਕ ਵੀ, ਚਰਿਤਰ-ਅਭਿਨੇਤਾ ਵੀ।

? ਜੇਕਰ ਤੁਹਾਡੇ ਬੱਚੇ ਫਿਲਮ-ਲਾਈਨ 'ਚ ਆਉਣਾ ਚਾਹੁਣ ਤਾਂ ?

— ਬੱਚਿਆਂ ਨੂੰ ਫਿਲਮਾਂ 'ਚ ਪਾਉਣਾ ਉਨ੍ਹਾਂ ਉਪਰ ਬਹੁਤ ਵੱਡਾ 'ਟਾਰਚਰ' ਹੈ। ਮੈਂ ਨਹੀਂ ਚਾਹੁੰਦਾ ਕਿ ਮੇਰੇ ਬੱਚੇ ਫਿਲਮ-ਲਾਈਨ ਅਪਣਾਉਣ। ਪਰ ਜੇ ਉਨ੍ਹਾਂ ਨੇ ਇਸ ਪਾਸੇ ਤਵੱਜੋ ਕਰ ਹੀ ਲਈ ਤਾਂ ਮੈਂ ਉਨ੍ਹਾਂ ਨੂੰ ਰੋਕ ਨਹੀਂ ਸਕਾਂਗਾ। ਮੇਰੇ ਮਾਪਿਆਂ ਨੇ ਮੈਨੂੰ ਇਸ ਪਾਸਿਓਂ ਰੋਕਣ ਦੀ ਕੋਸ਼ਿਸ਼ ਕੀਤੀ ਸੀ, ਪਰ ਮੈਂ ਰੁਕਿਆ ਨਹੀਂ ਸੀ ... ।

? ਪਿਛੇ ਜਿਹੇ ਡਿੰਪਲ ਕਪਾਡੀਆ ਨੇ ਕੁਝ ਫਿਲਮੀ-ਰਿਸਾਲਿਆਂ 'ਚ ਕਿਹਾ ਸੀ ਕਿ ਸੁਰੇਸ਼ ਓਬਰਾਏ ਨੇ ਉਸ ਨਾਲ ਇਕ ਨਹਾਉਣ-ਦ੍ਰਿਸ਼ ਦੀ ਫੋਟੋ ਖਿਚਵਾ ਕੇ ਖੂਬ ਪਬਲੀਸਿਟੀ ਲੈਣ ਲਈ ਫੋਟੋਆਂ ਵੰਡ ਦਿੱਤੀਆਂ ਜਦ ਕਿ ਫਿਲਮ 'ਚ ਉਹ ਦ੍ਰਿਸ਼ ਹੈ ਹੀ ਨਹੀਂ ?



— ਮੈਨੂੰ ਭਲਾ ਪਬਲੀਸਿਟੀ ਦੀ ਕੀ ਲੋੜ ਹੈ। ਮੈਂ ਡਿੰਪਲ ਦੀ ਇਸ ਗੱਲ ਦਾ ਬੁਰਾ ਮਨਾਇਆ ਸੀ। ਤੁਸੀਂ ਦੇਖਿਆ ਹੋਵੇਗਾ ਕਿ ਡਿੰਪਲ ਨੇ ਅਗਲੇ ਹੀ ਮਹੀਨੇ ਇਸ ਕੰਟਰੋਵਰਸੀ ਦਾ ਖੁਦ ਹੀ ਖੰਡਨ ਕਰ ਦਿੱਤਾ ਸੀ। ਮੈਨੂੰ ਕੋਈ ਸਪਸ਼ਟੀਕਰਨ ਦੇਣ ਦੀ ਜ਼ਰੂਰਤ ਨਹੀਂ ਹੈ। ਮੇਰੇ ਬਾਰੇ ਕੋਈ ਕੀ ਲਿਖਦਾ ਹੈ ਤੇ ਕਹਿੰਦਾ, ਮੈਂ ਪ੍ਰਵਾਹ ਨਹੀਂ ਕਰਦਾ।

## ਮਾਧਵੀ ਨੂੰ ਵਿਸ਼ਵਾਸ ਹੈ

ਦੱਖਣ ਦੀਆਂ ਫਿਲਮਾਂ 'ਚ ਕਾਫੀ ਨਾਮਣਾ ਕਮਾਉਣ ਉਪਰੰਤ ਹਿੰਦੀ ਫਿਲਮਾਂ 'ਚ ਮੋਕਲਾ ਥਾਂ ਬਣਾ ਚੁੱਕੀ ਅਭਿਨੇਤਰੀ ਮਾਧਵੀ ਦਾ ਵਿਸ਼ਵਾਸ ਹੈ ਕਿ ਉਸ ਦੇ ਟੇਲੈਂਟ ਦੀ ਇਕ ਨਾ ਇਕ ਦਿਨ ਸਹੀ ਪਛਾਣ ਹੋਵੇਗੀ।

ਇਸ ਸਮੇਂ ਮਾਧਵੀ ਕੋਲ ਪੌਣੀ ਦਰਜਨ ਫਿਲਮਾਂ ਹਨ। 'ਸ਼ੇਸ਼ਨਾਗ' ਵਿਚ ਮਾਧਵੀ ਦਾ ਰੋਲ ਜਤਿੰਦਰ ਤੇ ਰੇਖਾ ਦੇ ਬਰਾਬਰ ਦਾ ਹੈ। ਪਹਿਲਾਨ ਨਿਹਲਾਨੀ ਦੀ ਫਿਲਮ 'ਹਕੂਮਤ ਦੇ ਦੁਸ਼ਮਨ' ਵਿਚ ਮਾਧਵੀ ਹੀਰੋਇਨ ਹੈ ਤੇ ਸ਼ਤਰੂਘਨ ਹੀਰੋ 'ਅਗਨੀਪਥ' ਫਿਲਮ 'ਚ ਮਾਧਵੀ ਨੂੰ ਅਮਿਤਾਭ ਬਚਨ ਨਾਲ ਦੇਖਿਆ ਜਾ ਸਕੇਗਾ।

'ਗ੍ਰਿਫਤਾਰ' 'ਚ ਪਹਿਲਾਂ ਵੀ ਮਾਧਵੀ ਅਮਿਤਾਭ ਬਚਨ ਦੀ ਜੋੜੀ ਆ ਚੁਕੀ ਹੈ। 'ਸਤਯਮੇਵ ਜਯਤੇ' 'ਚ ਉਸ ਦਾ ਹੀਰੋ ਵਿਨੋਦ ਖੰਨਾ ਸੀ।

ਮਾਧਵੀ ਦਾ ਆਖਣਾ ਹੈ ਕਿ ਹਿੰਦੀ ਫਿਲਮਾਂ 'ਚ ਜ਼ਿਆਦਾਤਰ ਹੀਰੋ ਦੁਆਲੇ ਕਹਾਣੀ ਘੁੰਮਦੀ ਹੈ ਤੇ ਐਕਸ਼ਨ ਪ੍ਰਧਾਨ ਫਿਲਮਾਂ ਵਿਚ ਹੀਰੋਇਨ ਦੇ ਕਰਨ ਨੂੰ ਬਾਕੀ ਬਚਦਾ ਹੀ ਕੀ ਹੈ ? ਮਾਧਵੀ ਦੀ ਇੱਛਾ ਹੈ ਕਿ ਕੋਈ ਪ੍ਰੋਡਿਊਸਰ, ਕੋਈ ਡਾਇਰੈਕਟਰ ਹੀਰੋਇਨ-ਪ੍ਰਧਾਨ ਕਹਾਣੀ ਲੈ ਕੇ ਫਿਲਮ ਬਣਾਵੇ ਤਾਂ ਉਹ ਵੀ ਦੱਸ ਸਕੇਗੀ ਕਿ ਉਹ ਆਸ਼ਾ ਪਾਰਿਖ, ਸਾਧਨਾ, ਮੁਮਤਾਜ਼ ਕਿਸਮ ਦੀ ਅਭਿਨੇਤਰੀ ਹੈ। ਉਹ ਅਜਿਹੀ ਫਿਲਮ ਦੀ ਅੱਡੀਆਂ ਚੁਕ ਕੇ ਉਡੀਕ ਕਰ ਰਹੀ ਹੈ।

● ਮੁਕਦਮਾ ਅਦਾਲਤ ਵਿਚ ਪੇਸ਼ ਹੋਇਆ। ਮੁਲਜ਼ਮ ਤੇ ਦੋਸ਼ ਇਹ ਸੀ ਕਿ ਉਸ ਨੇ ਇਕ ਆਦਮੀ ਨੂੰ ਬੁਰੀ ਤਰਾਂ ਕੁਟਿਆ ਹੈ।

ਮੈਜਿਸਟਰੇਟ ਨੇ ਪੁਛਿਆ-ਤੂੰ ਇਸ ਵਿਚਾਰੇ ਨੂੰ ਏਨੀ ਬੁਰੀ ਤਰਾਂ ਕਿਉਂ ਕੁਟਿਆ?

ਜਆਬ ਸੀ -ਜਨਾਬ ਉਸਨੇ ਮੈਨੂੰ ਪਿਛਲੇ ਸਾਲ ਦਰਿਆਈ ਘੋੜਾ ਕਿਹਾ ਸੀ।

ਲੇਕਿਨ ਤੂੰ ਇਸ ਨੂੰ ਕੱਲ੍ਹ ਕੁਟਿਆ ਹੈ ?

ਜੁਆਬ ਮਿਲਿਆ-ਸ੍ਰੀਮਾਨ ਜੀ ਮੈਂ ਕੱਲ੍ਹ ਪਹਿਲੀ ਵਾਰ ਦਰਿਆਈ ਘੋੜਾ ਦੇਖਿਆ ਸੀ।

● ਮੈਜਿਸਟਰੇਟ - ਜੇ ਤੂੰ ਝੂਠ ਬੋਲਿਆ ਤਾਂ ਜਾਣਦੇ ਹੋ ਕੀ ਹੋਏਗਾ?

ਮੁਲਜ਼ਮ - ਜੀ ਨਰਕਾਂ ਦੀ ਅੱਗ ਵਿਚ ਸੜਾਂਗਾ।

ਮੈਜਿਸਟਰੇਟ - ਅਤੇ ਜੇ ਸਚ ਬੋਲਿਆ ਤਾਂ।

ਮੁਲਜ਼ਮ - ਤਾਂ ਮੁਕਦਮਾ ਹਾਰ ਜਾਵਾਂਗਾ।

● ਇਕ ਮੈਜਿਸਟਰੇਟ ਬਹੁਤ ਹੀ ਸੰਖੇਪ ਸ਼ਬਦਾਂ ਵਿਚ ਗੱਲ ਕਰਦਾ ਸੀ। ਇਕ ਵਾਰ ਉਸ ਨੇ ਸਜ਼ਾ ਸੁਣਾਈ, 'ਤਿੰਨ ਮਹੀਨੇ ਜਾਂ ਦਸ ਹਜ਼ਾਰ ਰੁਪਏ। ਦੋਸ਼ੀ ਨੇ ਕਿਹਾ-ਸ੍ਰੀਮਾਨ ਜੀ ਦਸ ਹਜ਼ਾਰ ਰੁਪਏ ਦੇ ਦਿਓ ਭਲਾ ਤਿੰਨ ਮਹੀਨੇ ਮੇਰੇ ਕਿਸ ਕੰਮ ਆਉਣਗੇ ?

# Popular Furniture Mfg. Ltd.

7935 - 128th Street, SURREY, B.C. **Ph. 596-1216**

ਵੈਨਕੂਵਰ ਵਿਚ

ਪਹਿਲੀ ਵਾਰ ਫਰਨੀਚਰ ਫੈਕਟਰੀ ਤੋਂ ਸਿੱਧਾ ਹੋਲਸੇਲ ਕੀਮਤਾਂ ਤੇ ਮਿਲਣ ਲੱਗਾ ਹੈ

## ਸਿੱਧੇ ਫੈਕਟਰੀ 'ਤੇ ਪਹੁੰਚੋ

ਤੇ ਮਨਮਰਜ਼ੀ ਦਾ ਫਰਨੀਚਰ ਖ਼ਰੀਦੋ

**ਰੰਗ-ਬਰੰਗੀਆਂ ਸੇਲਾਂ ਤੋਂ ਬਚੋ —**

ਰੀਟੇਲ ਫਰਨੀਚਰ ਸਟੋਰਾਂ ਨੇ ਫੈਕਟਰੀ ਕੀਮਤਾਂ ਬੀਟ (Beat) ਤਾਂ ਕੀ ਕਰਨੀਆਂ ਹਨ — ਨੇੜੇ (Meet) ਵੀ ਨਹੀਂ ਪਹੁੰਚ ਸਕਦੇ।



885 Pine



585 Pine



985 Pine



685 Pine

ਫਰਨੀਚਰ ਫੈਕਟਰੀ ਤੋਂ ਸਿੱਧਾ ਖ਼ਰੀਦਣ ਨਾਲ

## ਬੱਚਤ ਹੀ ਬੱਚਤ

## ਆਓ, ਆ ਕੇ ਦੇਖੋ ਤੇ ਕੀਮਤਾਂ ਅਜ਼ਮਾਓ

- ਕਸਟਮ ਮੇਡ ਫਰਨੀਚਰ
- ਕੁਆਲਿਟੀ ਦੀ ਗਰੰਟੀ
- ਲੱਕੜ (Wood) ਦਾ ਬਣਿਆ ਫਰਨੀਚਰ

**ਫੈਕਟਰੀ ਸ਼ੋ-ਰੂਮ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ**

Factory Hours: 12.00 PM to 5:00 PM